



**http://www.christadelphia.org/pamphlet/p_bible.htm**

### ਇਸ ਕਿਤਾਬ ਵਰਗੀ ਕੋਈ ਹੋਰ ਨਹੀਂ

ਹਾਲਾਂਕਿ ਬਾਈਬਲ ਇੱਕ ਪੁਰਾਣੀ ਕਿਤਾਬ ਹੈ, ਪਰ ਫੇਰ ਵੀ ਇਹ ਲੋਕਾਂ ਨੂੰ ਵਾਰ ਵਾਰ ਕਰਮਾਂ ਵੱਲ ਲਿਜਾਂਦੀ ਹੈ। ਸਾਰੇ ਵਿਸ਼ਵ ਭਰ ਵਿੱਚ ਆਦਮੀ ਅਤੇ ਔਰਤ ਇਸ ਨੂੰ ਪੜ੍ਹਦੇ ਹਨ ਅਤੇ ਆਪਣੀਆਂ ਜਿੰਦਗੀਆਂ ਵਿੱਚ ਬਦਲਾਅ ਲਿਆਉਂਦੇ ਹਨ!
ਇੰਨੇ ਸਾਰੇ ਲੋਕਾਂ ਨੂੰ ਕੌਣ ਪ੍ਰੇਰਿਤ ਕਰਦਾ ਹੈ? ਬਾਈਬਲ ਇੰਨ੍ਹੀਂ ਸ਼ਕਤੀਸ਼ਾਲੀ ਕਿਤਾਬ ਕਿਉਂ ਹੈ? ਅਜਿਹੀ ਕਿਤਾਬ ਕਿਵੇਂ ਇੰਨੀਆਂ ਸਾਰੀਆਂ ਜਿੰਦਗੀਆਂ ਵਿੱਚ ਖੁਸ਼ੀਆਂ ਅਤੇ ਸੰਤੁਸ਼ਟੀ ਲਿਆਉਂਦੀ ਹੈ? ਇਹ ਪੁਸਤਿਕਾ ਇਹਨਾਂ ਸਵਾਲਾਂ ਦੇ ਜਵਾਬ ਦੇਵੇਗੀ ਅਤੇ ਨਾਲ ਨਾਲ ਹੇਠਲ ਲਿਖੇ ਵਿਸ਼ੇ ਕਵਰ ਕਰੇਗੀ:

**ਬਾਈਬਲ ਕਿੱਥੋਂ ਆਈ?**
**ਇਹ ਕਦੋਂ ਲਿਖੀ ਗਈ?**
**ਕੀ ਬਾਈਬਲ ਵਿਸ਼ਵਾਸਯੋਗ ਹੈ?**
**ਬਾਈਬਲ ਦੀ ਸਮੱਗਰੀ ਕੀ ਹੈ ਜਾਂ ਇਸ ਦੇ ਕੀ ਵਿਚਾਰ ਹਨ?**
**ਇਹ ਕਿਉਂ ਲਿਖੀ ਗਈ ਸੀ?**

### ਲੇਖਾਂ ਦਾ ਸੰਗ੍ਰਹਿ

ਬਾਈਬਲ ਦੇ ਦੋ ਭਾਗ ਹਨ: ਪਹਿਲ ਵਿੱਚ ਪ੍ਰਾਚੀਨ ਇਜ਼ਰਾਈਲ ਦੀ ਪਵਿੱਤਰ ਲੇਖਣੀ ਹੈ ਜਿਸ ਨੂੰ

ਪੁਰਾਣੀ ਧਰਮ-ਪੁਸਤਕ (ਸਾਖੀ) ਦੇ ਰੂਪ ਵਿੱਚ ਜਾਣਿਆ ਜਾਂਦਾ ਹੈ, ਅਤੇ ਦੂਸਰੀ ਈਸਾਈਆਂ (ਕ੍ਰਿਸਚੀਅਨਾਂ) ਦੀ ਪਵਿੱਤਰ ਲੇਖਣੀ, ਜਿਸਨੂੰ ਨਵੀਂ ਧਰਮ-ਪੁਸਤਕ (ਸਾਖੀ) ਦੇ ਰੂਪ ਵਿੱਚ ਜਾਣਿਆ ਜਾਂਦਾ ਹੈ।

ਭਾਂਵੇ ਲੰਬੇ ਅਰਸੇ ਤੋਂ ਬਹੁਤ ਸਾਰੇ ਲੋਕਾਂ ਨੇ ਬਾਈਬਲ ਲਿਖੀ ਪਰ ਸਭ ਦਾ ਸੰਦੇਸ਼ ਇੱਕ ਹੀ ਸੀ। ਇਸ ਚਮਤਕਾਰੀ ਤਾਲਮੇਲ ਦਾ ਇਹ ਕਾਰਣ ਸੀ ਕਿ ਇੱਕ ਰੱਬ ਨੇ ਇਹਨਾਂ ਲੇਖਕਾਂ ਨੂੰ ਪ੍ਰੇਰਿਤ ਕੀਤਾ ਸੀ। ਦਸੂਰੇ ਸ਼ਬਦਾਂ ਵਿੱਚ, ਰੱਬ ਨੇ ਉਹਨਾਂ ਨੂੰ ਲਿਖਣ ਅਤੇ ਬੋਲਣ ਲਈ ਸ਼ਬਦ ਦਿੱਤੇ ਸਨ। ਇਸ ਲਈ ਬਾਈਬਲ ਵਿਲੱਖਣ ਹੈ, ਕਿਉਂ ਕਿ ਇਹ ਮਨੁੱਖ ਜਾਤੀ ਲਈ ਇੱਕ ਸੱਚੇ ਰੱਬ ਵੱਲੋਂ ਲਿਖੀ ਗਈ ਹੈ।

ਹਾਲਾਂ ਕਿ ਬਾਈਬਲ ਮੂਲ ਰੂਪ ਵਿੱਚ ਯਹੂਦੀ ਅਤੇ ਯੂਨਾਨੀ ਭਾਸ਼ਾ ਵਿੱਚ ਲਿਖੀ ਗਈ ਸੀ, ਪਰ ਬਾਈਬਲ ਦਾ ਸੰਦੇਸ਼ ਪੜ੍ਹੇ ਲਿਖੇ ਜਾਂ ਅਨਪੜ੍ਹ, ਅਮੀਰ ਜਾਂ ਗਰੀਬ ਸਭਨਾਂ ਲਈ ਹੈ। ਉਸ ਰੱਬ ਦੇ ਬਰਾਬਰ ਦਾ ਵਿਅਕਤੀਂ ਕੋਈ ਨਹੀਂ ਹੈ(ਭਾਗ 10:34; ਰੋਮਨ 2:11; ਅਫ਼ਸੁਸ 6:9 ਵੇਖੋ)। ਇਸ ਕਿਤਾਬ ਵਿੱਚਲੀਆਂ ਖੁਸ਼-ਖਬਰੀਆਂ ਸਾਰੇ ਰਾਸ਼ਟਰਾਂ ਅਤੇ ਭਾਸ਼ਾਵਾਂ ਲਈ ਹਨ।( ਗਲਾਟਿਅਨ 3: 28–29; ਯਿਰਮਿਯਾਹ 9: 23–24 ਵੇਖੋ)।

## ਕਿਤਾਬਾਂ, ਅਧਿਆਏ, ਅਤੇ ਕਲਾਮ

ਬਾਈਬਲ ਵਿੱਚ 66 ਕਿਤਾਬਾਂ ਹਨ। ਕੁੱਝ ਛੋਟੀਆਂ ਹਨ, ਉਹਨਾਂ ਨੂੰ ਕੁੱਝ ਮਿੰਟਾਂ ਵਿੱਚ ਹੀ ਪੜ੍ਹਿਆ ਜਾ ਸਕਦਾ ਹੈ, ਦੂਸਰੀਆਂ ਬਹੁਤ ਲੰਬੀਆਂ ਹਨ। ਸੁਵਿਧਾ ਲਈ, ਬਾਈਬਲ ਦੀਆਂ ਕਿਤਾਬਾਂ ਨੂੰ ਗਿਣਤੀ ਵਾਰ ਅਧਿਆਏ (ਤਕਰੀਬਨ ਇੱਕ ਸਫੇ ਜਿਨ੍ਹਾਂ) ਅਤੇ ਕਲਾਮਾਂ (ਇੱਕ ਜਾਂ ਦੋ ਵਾਕਾਂ) ਵਿੱਚ ਵੰਡਿਆ ਗਿਆ ਹੈ।

ਬਾਈਬਲ ਦੇ ਅੰਸ਼ ਕਿਤਾਬ, ਅਧਿਆਏ, ਅਤੇ ਕਲਾਮਾਂ ਦੇ ਤੌਰ ਤੇ ਜਾਣੇ ਜਾਂਦੇ ਹਨ। ਉਦਾਹਰਨ ਲਈ ਇਸਾਯਾਹ 45: 6 ਦਾ ਮਤਲਬ ਇਸਾਯਾਹ ਦੀ ਕਿਤਾਬ ਦਾ ਅਧਿਆਏ 45 ਕਲਮਾ 6। ਜੇਕਰ ਤੁਹਾਡੇ ਕੋਲ ਬਾਈਬਲ ਹੈ ਤਾਂ ਤੁਸੀਂ ਕਈ ਕਿਤਾਬਾਂ ਦੇ ਸ਼ੁਰੁਆਤ ਵਿੱਚ ਦਿੱਤੀ ਵਿਸ਼ਾ ਸੂਚੀ ਵਿੱਚ ਇਸ ਕਲਮ ਨੂੰ ਲੱਭ ਸਕਦੇ ਹੋ। ਤੁਹਾਨੂੰ ਇਸ ਪੁਸਤਿਕਾ ਵਿੱਚ ਮੌਜੂਦ ਅੰਸ਼ਾਂ ਨੂੰ ਦੇਖਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

## ਕਦੋਂ ਅਤੇ ਕਿੱਥੇ?

ਪੁਰਾਣੀ ਧਰਮ-ਪੁਸਤਕ (ਸਾਖੀ) ਤਕਰੀਬਨ ਇਕ ਹਜ਼ਾਰ ਸਾਲ ਪਹਿਲਾਂ ਲਿਖੀ ਗਈ ਸੀ। ਲਿਖਣਾ ਤਕਰੀਬਨ 3500 ਸਾਲ ਪਹਿਲਾਂ ਸ਼ੁਰੂ ਹੋਇਆ ਸੀ ਅਤੇ ਮੁਕੰਮਲ ਤਕਰੀਬਨ 2400 ਸਾਲ ਪਹਿਲਾਂ ਹੋਈ ਸੀ।

ਹਾਲਾਂਕਿ ਜਿਆਦਤਰ ਧਰਮ-ਪੁਸਤਕ (ਸਾਖੀ) ਲੇਖਕ ਯਹੂਦੀ ਸਨ, ਪਰ ਉਹਨਾਂ ਵਿੱਚੋਂ ਬਹੁਤ ਸਾਰੇ ਦੂਰ ਦੂਰ ਫੈਲੇ ਹੋਏ ਸਨ। ਕੁੱਝ ਨੇ ਜਿੱਥੇ ਅੱਜ ਇਜ਼ਰਾਈਲ ਹੈ ਉੱਥੋਂ ਲਿਖਿਆ। ਦੂਸਰਿਆਂ ਨੇ ਇਰਾਕ, ਸੀਰੀਆ, ਅਤੇ ਮਿਸਰ ਵਿੱਚੋਂ ਲਿਖਿਆ, ਹਾਲਾਂ ਕਿ ਉਹਨਾਂ ਦਿਨਾਂ ਵਿੱਚ ਕੁੱਝ ਦੇਸ਼ਾਂ ਦੇ ਨਾਮ ਵੱਖ ਸਨ।

ਨਵੀਂ ਧਰਮ ਪੁਸਤਿਕਾ ਇੱਕ ਸਦੀ ਦੀ ਬਹੁਤ ਛੋਟੀ ਮਿਆਦ ਅੰਦਰ ਲਿਖੀ ਗਈ ਸੀ, ਸਿਰਫ

2,000 ਸਾਲ ਪਹਿਲਾਂ। ਇਹ ਭਾਗ ਵੀ ਪ੍ਰਮੁਖ ਤੌਰ ਤੇ ਯਹੂਦੀ ਲੇਖਕਾਂ ਦੁਆਰਾ ਹੀ ਲਿਖਿਆ ਗਿਆ ਸੀ। ਕੁੱਝ ਲੇਖਕਾਂ ਨੇ ਇਜ਼ਰਾਈਲ ਵਿੱਚ ਲਿਖਿਆ, ਜਦ ਕਿ ਬਾਕੀਆਂ ਨੇ ਉਥੋਂ ਲਿਖਿਆ ਜੋ ਅੱਜ ਤੁਰਕੀ, ਗ੍ਰੀਸ, ਅਤੇ ਇਟਲੀ ਦੇ ਖੇਤਰ ਹਨ।
ਬਹੁਤੇ ਉਹ ਲੋਕ ਜਿਨ੍ਹਾਂ ਨੇ ਬਾਈਬਲ ਲਿਖੀ ਉਹ ਪੇਸ਼ੇ ਵਜੋਂ ਲੇਖਕ ਨਹੀਂ ਸਨ, ਸਗੋਂ ਚਰਵਾਹੇ, ਰਾਜੇ, ਡਾਕਟਰ, ਕਿਸਾਨ, ਮਛੇਰੇ ਅਤੇ ਕਈ ਹੋਰ ਲੋਕ ਸਨ। ਰੱਬ ਵਲੋਂ ਇਹਨਾਂ ਲੋਕਾਂ ਨੂੰ ਆਪਣੇ ਸੰਦੇਸ਼ ਬੋਲਣ ਲਈ ਅਤੇ ਲਿਖਣ ਲਈ ਅਲਹਿਦਾ ਤੌਰ ਤੇ ਬੁਲਾਇਆ ਗਿਆ ਸੀ।

## ਮਿੱਥ ਜਾਂ ਸੱਚ?

ਵਿਸ਼ਵ ਵਿੱਚ ਕਿੰਨ੍ਹੀਆਂ ਪੁਰਾਣੀਆਂ ਕਿਤਾਬਾਂ ਹਨ। ਅਸੀਂ ਕਿਵੇ ਕਹਿ ਸਕਦੇ ਹਾਂ ਕੀ ਬਾਈਬਲ ਮਿੱਥ ਹੈ ਜਾਂ ਸੱਚ?
ਬਹੁਤ ਸਾਰੇ ਮਹੱਤਵਪੂਰਨ ਕਾਰਨ ਹਨ ਜਿਨ੍ਹਾਂ ਕਾਰਨ ਇਸ ਕਿਤਾਬ ਦੇ ਸੰਦੇਸ਼ ਤੇ ਭਰੋਸਾ ਕੀਤਾ ਜਾ ਸਕਦਾ ਹੈ।
ਸਭ ਤੋ ਪਹਿਲਾਂ, ਬਾਈਬਲ ਇੱਕ ਸਟੀਕ ਇਤਿਹਾਸਕ ਕਿਤਾਬ ਹੈ। ਇਸ ਵਿੱਚ ਦਿੱਤੇ ਰਾਜਿਆਂ ਅਤੇ ਘਟਨਾਵਾਂ ਦੇ ਵੇਰਵੇ ਨੂੰ ਕਿਸੇ ਹੋਰ ਪ੍ਰਾਚੀਨ ਇਤਿਹਾਸ ਤੋਂ ਸੁਤੰਤਰ ਤੌਰ ਤੇ ਤਸਦੀਕ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ ਬਾਈਬਲ ਵਿੱਚ ਦਿੱਤੀਆਂ ਬਹੁਤ ਸਾਰੀਆਂ ਥਾਵਾਂ ਨੂੰ ਵੀ ਪ੍ਰਾਚੀਨ ਖੋਜਕਾਰਾਂ ਵੱਲੋਂ ਮੁੜ ਲੱਭਿਆਂ ਹਨ, ਜਿੱਥੇ ਪੁਰਾਤਾਨ ਖੋਜਕਾਰਾਂ ਦੀ ਟੀਮ ਨੇ ਧਰਤੀ ਵਿੱਚ ਟੋਆ ਪੁੱਟ ਕੇ ਢੱਕੇ ਹੋਏ ਕਈ ਬਾਈਬਲ ਕਾਲ ਦੇ ਪੁਰਾਣੇ ਸ਼ਹਿਰਾਂ ਦਾ ਪਤਾ ਲਗਾਇਆ ਹੈ। ਅਜਿਹੇ ਲੋਕਾਂ ਦੀਆਂ ਟੀਮਾਂ ਨੇ ਬਾਈਬਲ ਵਿੱਚ ਦਿੱਤੀਆਂ ਇਨ੍ਹਾਂ ਥਾਵਾਂ ਦੇ ਬਾਰੇ ਉਹਨਾਂ ਦੇ ਸਥਾਨ ਅਤੇ ਹੋਰ ਨਿਸ਼ਾਨਾਂ ਦੇ ਵੇਰਵਿਆਂ ਦੀ ਹਮੇਸ਼ਾ ਪੁਸ਼ਟੀ ਕੀਤੀ ਹੈ।
ਨਾਲ ਹੀ, ਬਾਈਬਲ ਦੁਆਰਾ ਭਵਿੱਖ ਵਿੱਚ ਹੋਣ ਵਾਲੀ ਘਟਨਾਵਾਂ ਬਾਰੇ ਪ੍ਰਭਾਵਸ਼ਾਲੀ ਭਵਿੱਖਬਾਣੀ ਕਰਨ ਕਾਰਨ ਅਤੇ ਉਸਦੇ ਹਮੇਸ਼ਾ ਸੱਚ ਹੋਣ ਕਾਰਨ ਇਹ ਇੱਕ ਸੱਚ ਦੇ ਤੌਰ ਤੇ ਵਿਸ਼ਵਾਸ ਕਰਨਯੋਗ ਹੈ।
ਉਦਾਹਰਨ ਲਈ, ਅੱਜ ਦੀ ਤਰ੍ਹਾਂ, ਬਾਈਬਲ ਸਮੇਂ ਵਿੱਚ ਕਈ ਰਾਸ਼ਟਰ ਸਨ, ਉਹਨਾਂ ਵਿੱਚੋਂ ਇੱਕ ਰਾਸ਼ਟਰ ਸੀ ਏਡੋਮ, ਜੋ ਕਿ ਏਸਾਓ ਦਾ ਵਾਰਸ ਸੀ। ਰੱਬ ਜਿਸ ਦੇ ਕਾਰਨ ਬਾਈਬਲ ਲਿਖੀ ਗਈ, ਯਕੀਨ ਨਾਲ ਭਵਿੱਖਵਾਣੀ ਕੀਤੀ ਕਿ ਇਹ ਰਾਸ਼ਟਰ ਨਹੀਂ ਬਚੇਗਾ, ਸਗੋਂ ਧਰਤੀ ਵਿੱਚ ਲੁਪਤ ਹੋ ਜਾਵੇਗਾ ਤਾਂ ਕਿ ਉੱਥੇ ਜਿਆਦਾ ਦੇਰ ਤੱਕ ਲੋਕ ਨਹੀਂ ਹੋਣਗੇ। ਬਾਈਬਲ ਓਬਾਦਯਾਹ ਦੀ ਕਿਤਾਬ ਵਿੱਚ ਯਕੀਨ ਨਾਲ ਕਹਿੰਦਾ ਹੈ:
"ਰੱਬ ਦੇ ਕਹੇ ਅਨੁਸਾਰ, ਏਸਾਓ ਦੇ ਘਰ ਦਾ ਕੋਈ ਵੀ ਨਹੀਂ ਬਚੇਗਾ।'( ਓਬਾਦਯਾਹ 1:18)
ਇਸਦੇ ਉਲਟ, ਬਾਈਬਲ ਦੇ ਰੱਬ ਨੇ ਯਹੂਦੀਆਂ ਨੂੰ ਖਾਸ ਤੌਰ ਤੇ ਕਿਹਾ:
'ਰੱਬ ਨੇ ਕਿਹਾ ਹੈ, ਮੈਂ ਤੈਨੂੰ ਬਚਾਉਣ ਲਈ ਤੇਰੇ ਨਾਲ ਹਾਂ :ਹਾਲਾਂ ਕਿ ਮੈਂ ਸਾਰੇ ਰਾਸ਼ਟਰਾਂ ਦਾ ਮੁਕੰਮਲ ਅੰਤ ਕੀਤਾ ਹੈ ਜਿੱਥੇ ਮੈਂ ਤੈਨੂੰ ਭੇਜਿਆ ਸੀ, ਪਰ ਮੈਂ ਤੇਰਾ ਮੁਕੰਮਲ ਅੰਤ ਨਹੀਂ ਕਰਾਂਗਾ: ਮੈਂ ਤੁਹਾਨੂੰ ਕਸੌਟੀ ਹੇਠ ਠੀਕ ਕਰੁੰਗਾ, ਅਤੇ ਤੈਨੂੰ ਬਿਲਕੁਲ ਹੀ ਪੂਰੀ ਸਜ਼ਾ ਦਿੱਤੇ ਬਿਨ੍ਹਾਂ ਨਹੀਂ ਛੱਡਾਂਗਾ।' (ਜੇਰਿਮਿਯਾਹ 30:11)
ਇਹ ਭਵਿੱਖਬਾਣੀਆਂ ਕਿਸੇ ਮਨੁੱਖ ਦੀਆਂ ਨਹੀਂ ਹਨ। ਜੇਕਰ ਅਸੀਂ ਇੱਕ ਰਾਸ਼ਟਰ ਨੂੰ ਚੁਨਣਾ ਹੋਵੇ ਜੋ ਦੋ ਹਜ਼ਾਰ ਸਾਲ ਪਹਿਲਾਂ ਵੀ ਮੌਜੂਦ ਸੀ, ਇਹ ਚੁਣਾਓ ਬਹੁਤ ਮੁਸ਼ਕਿਲ ਹੋਵੇਗਾ। ਇਸ ਦੇ ਕਾਰਨ ਅਤੇ ਭਵਿੱਖ ਬਾਰੇ ਹੋਰ ਬਹੁਤ ਸਾਰੀਆਂ ਭਵਿੱਖਬਾਣੀਆਂ ਕਾਰਨ ਅਸੀਂ ਰੱਬ ਦੇ ਬਚਨ ਦੇ

ਤੌਰ ਤੇ  ਬਾਈਬਲ ਤੇ ਵਿਸ਼ਵਾਸ ਕਰ ਸਕਦੇ ਹਾਂ।
ਬਾਈਬਲ ਨੂੰ ਮਿੱਥ ਦੀ ਬਜਾਏ ਸੱਚ ਮੰਨ੍ਹਣ ਦਾ ਇੱਕ ਹੋਰ ਕਾਰਨ ਇਹ ਵੀ ਹੈ ਕਿ  ਇਸ ਦੀਆਂ ਕਿਤਾਬਾਂ ਮਨਾਉਂਦੀਆਂ ਅਤੇ ਮਿਲਾਉਂਦੀਆਂ ਹਨ। ਭਾਵੇਂ ਬਾਈਬਲ ਦੇ ਬਹੁਤ ਸਾਰੇ ਅੰਸ਼ ਵੱਖ-ਵੱਖ ਥਾਵਾਂ ਅਤੇ ਵੱਖ-ਵੱਖ ਸਮੇਂ ਲਿਖੇ ਗਏ ਹਨ, ਪਰ ਇਸਦਾ ਸੰਦੇਸ਼ ਬੇਅੰਤ ਵਿਰੋਧਾਭਾਸਾਂ ਦੀ ਬਜਾਏ ਰੱਬ ਬਾਰੇ ਸੱਚਾਈ ਨਾਲ ਸਹਿਮਤ ਕਰਾਉਂਦਾ ਹੈ।
ਬਾਈਬਲ ਕੋਈ ਰਹੱਸਮਈ ਕਿਤਾਬ ਨਹੀਂ ਹੈ, ਸਿਰਫ ਕੁੱਝ ਚੁਣਿੰਦਿਆਂ ਲਈ ਹੈ, ਪਰੰਤੂ ਇਹ ਰੱਬ ਦੇ ਰਹੱਸਾਂ ਦਾ ਖੁਲਾਸਾ ਉਹਨਾਂ ਨੂੰ ਕਰਨ ਦੇ ਬਾਰੇ ਹੈ ਜੋ ਇਸਦੇ ਸੰਦੇਸ਼ਾਂ ਨੂੰ ਪੜ੍ਹਣ ਦੇ ਇੱਛੁਕ ਹਨ। (ਰੋਮਨ 16: 25-26; ਈਫੇਸ਼ੀਅਨ 1: 9; ਕੁਲੋਸੀਅਨ 1: 26-27 ਵੇਖੋ)।

## ਬਾਈਬਲ ਵਿੱਚ ਕੀ ਸ਼ਾਮਿਲ ਹੈ?

ਬਾਈਬਲ ਰੱਬ ਬਾਰੇ ਦੱਸਦੀ ਹੈ। ਇਹ ਉਸ ਦੀ ਪ੍ਰਕਿਰਤੀ ਅਤੇ ਉਸ ਦੀ ਮਹਾਨਤਾ ਦੇ ਨਾਲ ਨਾਲ ਉਸ ਦੀ ਸਿਰਜਣਾਤਮਕ ਸ਼ਕਤੀ ਅਤੇ ਉਸ ਦੀ ਅਮਰਤਾ ਬਾਰੇ ਦੱਸਦੀ ਹੈ। ਇਹ ਰੱਬ ਦੀ ਮਨੁੱਖ ਜਾਤੀ ਨੂੰ ਆਪਣੇ ਬੱਚਿਆਂ ਦੇ ਤੌਰ ਤੇ ਉਸਦੀ ਰੁਚੀ ਬਾਰੇ, ਅਤੇ ਉਹਨਾਂ ਦੇ ਪਿਆਰ ਅਤੇ ਆਗਿਆਕਾਰੀ ਹੋਣ ਦੇ ਸੰਬੰਧ ਵਿਚ ਉਸ ਦੀ ਤਮੰਨਾ ਦਾ ਖੁਲਾਸਾ ਕਰਦੀ ਹੈ। ਇਹ ਪੁਸ਼ਟੀ ਕਰਦੀ ਹੈ ਕਿ ਉਹ ਹੀ ਇਕੱਲਾ ਰੱਬ ਹੈ:
ਮੈਂ ਰੱਬ ਹਾਂ, ਅਤੇ ਹੋਰ ਕੋਈ ਨਹੀਂ ਹੈ, ਮੇਰੇ ਨਾਲ ਕੋਈ ਰੱਬ ਨਹੀਂ ਹੈਂ (ਯਸਾਯਾਹ 45:5)।

## ਬਾਈਬਲ ਦੀ ਸ਼ੁਰੁਆਤ ਤੋਂ ਅੰਤ ਤੱਕ ਅਸੀਂ ਰੱਬ ਦੇ ਧਰਤੀ ਨਾਲ ਰਿਸ਼ਤੇ ਦਾ ਇਤਿਹਾਸ ਪੜ੍ਹਦੇ ਹਾਂ

## ਸੰਸਾਰ ਦੀ ਸ਼ੁਰੁਆਤ

ਬਾਈਬਲ ਦੀ ਪਹਿਲੀ ਕਿਤਾਬ  ਨੂੰ **ਉਤਪਤੀ (ਜੀਨੇਸਿਸ)** ਕਿਹਾ ਜਾਂਦਾ ਹੈ। ਇਹ ਦੱਸਦੀ ਹੈ ਕਿ ਕਿਵੇਂ ਰੱਬ ਨੇ ਸਾਰੇ ਪੌਦੇ ਅਤੇ ਜਾਨਵਰਾਂ ਦੀ ਉਤਪਤੀ ਕੀਤੀ ਹੈ। ਉਸ ਨੇ ਅਜਿਹੀਆਂ ਸਥਿਤੀਆਂ ਦੀ ਉਤਪਤੀ ਵੀ ਕੀਤੀ ਹੈ ਜੋ ਪੌਦੇ ਅਤੇ ਜਾਨਵਰਾਂ ਦਾ ਵਾਧਾ ਯਕੀਨੀ ਕਰਨਗੀਆਂ।
ਰੱਬ ਨੇ ਦੋ ਇਨਸਾਨ ਇੱਕ ਆਦਮੀ ਜਿਸ ਦਾ ਨਾਮ ਐਡਮ ਅਤੇ ਇੱਕ ਔਰਤ ਜਿਸਦਾ ਨਾਮ ਈਵ ਸੀ, ਉਹ  ਬਣਾਏ। ਉਹ ਵੱਖਰੇ ਸਨ ਅਤੇ ਜਾਨਵਰਾਂ ਤੋਂ ਭਿੰਨ ਸਨ ਕਿਉਂ ਕਿ ਰੱਬ ਨੇ ਉਹਨਾਂ ਨੂੰ ਆਪਣੇ ਵਰਗਾ ਬਣਾਇਆ ਸੀ।

## ਬੁਰਾਈ, ਦੁੱਖ ਅਤੇ ਮੌਤ ਦੀ ਸ਼ੁਰੁਆਤ

ਬਾਈਬਲ ਵਿਆਖਿਆ ਕਰਦੀ ਹੈ ਕੀ ਐਡਮ ਅਤੇ ਈਵ ਰੱਬ ਦੁਆਰਾ ਤੀਆਰ ਕੀਤੇ ਸਵਰਗ ਵਰਗੇ ਬਗੀਚੇ ਵਿੱਚ ਰਹਿੰਦੇ ਸਨ। ਉਹਨਾਂ ਕੋਲ ਭੋਜਨ ਲਈ ਪੌਦੇ ਅਤੇ ਫਲਾਂ ਦੇ ਰੱਖ ਸਨ, ਪਰ ਉਹਨਾਂ ਨੂੰ ਬਗੀਚੇ ਦੇ ਵਿੱਚਕਾਰ ਇੱਕ ਖਾਸ ਰੱਖ ਦੇ ਫਲ ਖਾਣ ਦੀ ਇਜਾਜਤ ਨਹੀਂ ਸੀ। ਰੱਬ ਨੇ

ਉਹਨਾਂ ਨੂੰ ਦੱਸਿਆ ਸੀ ਕਿ ਉਸ ਰੱਖ ਦੇ ਫਲ ਖਾਣ  ਦਾ ਨਤੀਜਾ ਮੌਤ ਹੋਵੇਗਾ।
ਇਸ ਲਈ ਧਰਤੀ ਦੇ ਪਹਿਲੇ ਵਾਸੀਆਂ ਕੋਲ ਰੱਬ ਦੀਆਂ ਹਦਾਇਤਾਂ ਦੀ ਪਲਾਣਾ ਕਰਨ ਜਾਂ ਨਾ ਪਾਲਣਾ ਕਰਨ ਦਾ ਵਿਕਲਪ ਸੀ। ਰੱਬ ਨੇ ਉਹਨਾਂ ਨੂੰ ਪਾਲਣਾ ਕਰਨ ਲਈ ਮਜਬੂਰ ਨਹੀ ਕੀਤਾ ਸੀ, ਪਰ ਉਹਨਾਂ ਨੂੰ ਉਸਨੂੰ ਪਿਆਰ ਕਰਨ, ਅਤੇ ਉਸਦੇ ਨਿਯਮਾਂ ਅਨੁਸਾਰ ਚੱਲਣ ਜਾਂ ਆਪਣੇ ਅਨੁਸਾਰ ਚੱਲਣ ਦੀ ਸੁਤੰਤਰਤਾ ਦਿੱਤੀ ਸੀ।
ਬਗੀਚੇ ਵਿੱਚ ਬਾਕੀ ਜਾਨਵਰਾਂ ਨਾਲੋਂ ਵੱਧ ਚਲਾਕ ਇੱਕ ਪ੍ਰਾਣੀ ਸੀ ਜੋ ਸੀ ਇੱਕ ਸੱਪ। ਰੱਬ ਨੇ ਇਸ ਸੱਪ ਨੂੰ ਬੋਲਣ ਦੀ ਸਮੱਰਥਤਾ ਦਿੱਤੀ ਸੀ। ਉਸ ਰੁੱਖ ਵੱਲ ਦੇਖਦੇ ਹੋਏ ਜਿਸ ਨੂੰ ਰੱਬ ਨੇ ਵਰਜਿਤ ਕੀਤਾ ਸੀ, ਸੱਪ ਨੇ  ਈਵ ਨੂੰ ਕਿਹਾ ਕਿ ਫਲ ਈਵ ਦੇ ਖਾਣ ਲਈ ਬਹੁਤ ਚੰਗਾ ਹੈ ਅਤੇ ਉਹ ਇਸ ਨੂੰ ਖਾਣ ਨਾਲ ਨਹੀਂ ਮਰੇਗੀ।  ਈਵ ਨੇ ਸੁਨਣ ਨੂੰ ਚੁਣਿਆ ਅਤੇ ਇਸ ਰੁੱਖ ਦਾ ਫਲ ਖਾ ਲਿਆ। ਐਡਮ ਨੇ ਵੀ ਫਲ ਖਾ ਲਿਆ।
ਰੱਬ ਦੀ ਚੇਤਾਵਨੀ ਦੇ ਮੁਤਾਬਕ, ਐਡਮ ਅਤੇ ਈਵ ਨੂੰ ਸਜ਼ਾ ਮਿਲੀ। ਉਹ ਗੈਰ-ਅਮਰ ਬਣ ਗਏ ਫ਼ ਮਰਨ ਵਾਲੇ ਜੀਵ। ਉਦੋਂ ਤੋਂ ਲੈ ਕੇ, ਇਹ ਮਨੁੱਖ ਮੌਤ ਦੇ ਅਧੀਨ ਹੋ ਗਿਆ। ਰੱਬ ਨੇ ਉਹਨਾਂ ਉੱਤੇ ਦੁੱਖ ਵੀ ਲਿਆਂਦਾਂ: ਔਰਤ ਨੂੰ ਬੱਚਾ ਹੋਣ ਦੌਰਾਨ ਦਰਦ ਹੁੰਦਾ ਹੈ, ਅਤੇ ਉਸ ਦੇ ਪਤੀ ਦੇ ਅਧੀਨ ਹੋਣਗੀਆਂ। ਆਦਮੀ ਨੂੰ ਆਪਣੇ ਪਰਿਵਾਰ ਦੇ ਖਾਣ ਲਈ ਲੋੜੀਂਦਾ ਭੋਜਨ ਪੈਦਾ ਕਰਨ ਲਈ ਪਸੀਨਾ ਵਹਾਉਣ ਅਤੇ ਸਖ਼ਤ ਮਿਹਨਤ ਕਰਨੀ ਹੋਵੇਗੀ।
ਸੱਪ ਨੂੰ ਵੀ ਸਜ਼ਾ ਮਿਲੀ, ਕਿਉਂ ਕਿ ਉਸ ਨੇ ਝੂਠ ਬੋਲਿਆ ਸੀ, ਜਦੋਂ ਉਸ ਨੇ ਕਿਹਾ ਸੀ ਕਿ ਆਦਮ ਅਤੇ ਈਵ ਨਹੀਂ ਮਰਨਗੇ ਜੇਕਰ ਉਹ ਰੁੱਖ ਦੇ ਫਲ ਖਾਂਦੇ ਹਨ। ਸੱਪ ਨੂੰ ਉਦੋਂ ਤੋਂ ਰੱਬ ਵੱਲੋਂ ਮਿੱਟੀ ਵਿੱਚ ਘਿਸੜਨ ਦਾ ਸਰਾਪ ਮਿਲਿਆ ਹੋਇਆ ਹੈ। ਅਤੇ ਰੱਬ ਨੇ ਮਨੁੱਖ ਜਾਤੀ ਅਤੇ ਸੱਪ ਦੇ ਵਿੱਚਕਾਰ ਨਫ਼ਰਤ ਪੈਦਾ ਕਰ ਦਿੱਤੀ।

## ਪਛਤਾਵਾ ਅਤੇ ਮਾਫ਼ੀ

ਬਾਈਬਲ ਰੱਬ ਦੇ ਸੱਚ ਅਤੇ ਦਇਆ ਬਾਰੇ ਸਿਖਾਉਂਦੀ ਹੈ। ਸੱਚ, ਇਸ ਵਿੱਚ ਉਸ ਦੇ ਬਚਨ ਹੀ ਸੱਚ ਅਤੇ ਦਇਆ ਹਨ, ਇਸ ਵਿੱਚ ਉਹ ਆਦਮੀ ਅਤੇ ਔਰਤ ਨੂੰ ਪਿਆਰ ਕਰਦਾ ਹੈ, ਅਤੇ ਉਹ ਚਾਹੁੰਦਾ ਹੈ ਕਿ ਉਹ ਉਦੋਂ ਮਾਫੀ ਮੰਗਣ ਜਦੋਂ ਉਹਨਾਂ ਨੇ ਕੁੱਝ ਗਲਤ ਕੀਤਾ ਹੋਵੇ। ਰੱਬ ਸਾਨੂੰ ਮਾਫ਼ ਕਰ ਦੇਵੇਗਾ ਜਦੋਂ ਅਸੀਂ  ਇਮਾਨਦਾਰੀ ਨਾਲ ਤੌਬਾ ਕਰਾਂਗੇ ਅਤੇ ਉਸ ਤੋਂ ਮਾਫ਼ੀ ਮੰਗਾਂਗੇ। ਆਦਮੀ ਅਤੇ ਔਰਤ ਤੋਂ ਪਹਿਲਾਂ, ਐਡਮ ਅਤੇ ਈਵ, ਨੇ ਰੱਬ ਦਾ ਨਿਯਮ ਤੋੜਿਆ, ਉਹ ਬਗੀਚੇ ਵਿੱਚ ਨੰਗੇ ਸਨ, ਅਤੇ ਉਹਨਾਂ ਨੂੰ ਸ਼ਰਮ ਨਹੀਂ ਆਉਂਦੀ ਸੀ। ਉਹਨਾਂ ਦੁਆਰਾ ਆਗਿਆ ਨਾ ਮੰਨਣ ਦੇ ਬਾਅਦ, ਉਹਨਾਂ ਨੂੰ ਆਪਣੇ ਨੰਗੇ ਹੋਣ ਦਾ ਅਹਿਸਾਸ ਹੋਇਆ ਅਤੇ ਉਹਨਾਂ ਨੂੰ ਸ਼ਰਮ ਮਹਿਸੂਸ ਹੋਈ। ਰੱਬ ਨੇ ਐਡਮ ਅਤੇ ਈਵ ਨੂੰ ਚਮੜੀ ਨੂੰ ਢੱਕਣ ਲਈ  ਜਾਨਵਰਾਂ ਦੀ ਚਮੜੀ ਦਿੱਤੀ । ਇਸ ਜਾਨਵਰ ਦੀ ਮੌਤ ਬਾਈਬਲ ਵਿੱਚ ਪਹਿਲੀ ਮੌਤ ਸੀ। ਇਹ ਦਰਸਾਉਂਦਾ ਹੈ ਕਿ ਜਿਵੇਂ ਰੱਬ ਨੇ ਚਮੜੀ ਨੂੰ ਢੱਕ ਦਿੱਤਾ, ਉਸੇ ਤਰ੍ਹਾਂ ਇੱਕ ਦਿਨ ਪਾਪਾਂ ਨੂੰ ਵੀ ਢੱਕ ਦੇਵੇਗਾ।

## ਇੱਕ ਨਵੀਂ ਉਮੀਦ

ਪਹਿਲਾਂ ਆਦਮੀ ਅਤੇ ਔਰਤ ਦੁਆਰਾ ਆਗਿਆ ਨਾ ਮੰਨਣ ਕਾਰਨ ਰੱਬ ਨੇ ਧਰਤੀ ਲਈ ਆਪਣੀ ਯੋਜਨਾ ਰੱਦ ਨਹੀਂ ਕੀਤੀ ਸੀ। ਉਸ ਨੇ ਵਾਅਦਾ ਕੀਤਾ, ਕਿ ਇੱਕ ਬੱਚਾ ਆਵੇਗਾ, ਜੋ ਸੱਪ ਨੂੰ ਕੁਚਲ ਦੇਵੇਗਾ। ਸਾਰੀ ਬਾਈਬਲ ਵਿੱਚ, ਸੱਪ ਪਾਪ ਲਈ ਖੜ੍ਹਾ ਸੀ, ਅਤੇ ਸਾਰੇ ਲੋਕਾਂ ਅੰਦਰ ਰੱਬ ਦੀ ਆਗਿਆ ਨਾ ਮੰਨਣ ਲਈ ਲਾਲਸਾ ਪੈਦਾ ਕੀਤੀ ਗਈ। ਹਾਲਾਂ ਕਿ, ਇਹ ਚਾਰ ਹਜ਼ਾਰ ਸਾਲ ਤੱਕ ਨਹੀਂ ਹੋਇਆ ਪਰ ਬਾਅਦ,ਵਿੱਚ ਵਾਅਦੇ ਅਨੁਸਾਰ -ਯਿਸੂ -ਬੱਚੇ ਦਾ ਜਨਮ ਹੋਇਆ ।

## ਇੱਕ ਨਵੀਂ ਸ਼ੁਰੂਆਤ

ਐਡਮ ਅਤੇ ਈਵ ਦੇ ਬੱਚਾ ਹੋਇਆ, ਅਤੇ ਉਹਨਾਂ ਦੇ ਬੱਚਿਆਂ ਦੇ ਵੀ ਬੱਚੇ ਹੋਏ, ਜਦ ਤੱਕ ਕਿ ਸੰਸਾਰ ਵਿੱਚ ਬਹੁਤ ਸਾਰੇ ਲੋਕ ਨਹੀਂ ਹੋ ਗਏ। ਕੁੱਝ ਨੇ ਰੱਬ ਦੀ ਆਗਿਆ ਦੀ ਪਾਲਣਾ ਕਰਨ ਲਈ ਆਪਣੀ ਸਰਬੋਤਮ ਕੋਸ਼ਿਸ਼ ਕੀਤੀ, ਪਰ ਜ਼ਿਆਦਤਰ ਬਹੁਤ ਹੀ ਬੁਰੇ ਸਨ, ਅਤੇ ਕਈ ਸੌ ਸਾਲਾਂ ਬਾਅਦ, ਉੱਥੇ ਸਿਰਫ਼ ਇੱਕ ਹੀ ਪਰਿਵਾਰ ਬਚਿਆ, ਜੋ ਰੱਬ ਦੀ ਆਗਿਆ ਦਾ ਪਾਲਣ ਕਰਦਾ ਸੀ।
ਰੱਬ ਉਦਾਸ ਅਤੇ ਨਾਰਾਜ਼ ਸੀ ਕਿਉਂ ਕਿ ਲੋਕ ਬਹੁਤ ਹੀ ਬੁਰੇ ਸਨ, ਅਤੇ ਉਸਨੇ ਫੈਸਲਾ ਕੀਤਾ ਕਿ ਇੱਕ ਨਵੀਂ ਸ਼ੁਰੂਆਤ ਕੀਤੀ ਜਾਵੇ, ਅਤੇ ਸੰਸਾਰ ਦੀ ਸਾਰੀ ਬੁਰਾਈ ਨੂੰ ਨਸ਼ਟ ਕੀਤਾ ਜਾਵੇ । ਸਿਰਫ ਇੱਕ ਚੰਗੇ ਪਰਿਵਾਰ ਦਾ ਪਿਤਾ ਜਿਸ ਦਾ ਨਾਮ ਨੋਆਹ ਸੀ।ਰੱਬ ਨੇ ਨੋਆਹ ਨੂੰ ਹੜ੍ਹ ਨਾਲ ਧਰਤੀ ਤੇ ਸਾਰੀਆਂ ਜਿਉਂਦਿਆਂ ਚੀਜ਼ਾਂ ਨੂੰ ਨਸ਼ਟ ਕਰਨ ਦੀ ਆਪਣੀ ਯੋਜਨਾ ਬਾਰੇ ਦੱਸਿਆ। ਉਸ ਨੇ ਨੋਆਹ ਨੂੰ ਇੱਕ ਵੱਡੀ ਸਾਰੀ ਕਿਸ਼ਤੀ ਬਣਾਉਣ ਲਈ ਕਿਹਾ, ਜੋ ਉਸ ਦੇ ਪਰਿਵਾਰ ਅਤੇ ਕਈ ਜਾਨਵਰਾਂ ਲਈ ਕਾਫੀ ਹੋਵੇ ਜਿਨ੍ਹਾਂ ਨੂੰ ਰੱਬ ਵੀ ਬਚਾਉਣ ਚਾਹੁੰਦਾ ਸੀ।(ਉਤਪਤੀ (ਜੀਨੇਸਿਸ)6 ਦੇਖੋ)

ਰੱਬ ਨੇ ਹੜ੍ਹ ਲਿਆਂਦਾ ਅਤੇ ਨੋਆਹ ਅਤੇ ਉਸਦੇ ਪਰਿਵਾਰ ਤੋਂ ਇਲਾਵਾ ਸਭ ਕੁੱਝ ਨਸ਼ਟ ਕਰ ਦਿੱਤਾ। ਉਹ ਬਚ ਗਏ ਕਿਉਂ ਕਿ ਉਹਨਾਂ ਨੇ ਰੱਬ ਦੇ ਕਹੇ ਅਨੁਸਾਰ ਇੱਕ ਕਿਸ਼ਤੀ ਬਣਾਈ ਸੀ। ਕਿਉਂ ਕਿ ਉਹ ਰੱਬ ਤੇ ਵਿਸ਼ਵਾਸ ਕਰਦੇ ਸਨ ਅਤੇ ਉਹਨਾਂ ਨੇ ਉਸਦੇ ਕਹੇ ਅਨੁਸਾਰ ਕੰਮ ਕੀਤਾ, ਇਸ ਲਈ ਉਹ ਬਚ ਗਏ।(ਉਤਪਤੀ (ਜੀਨੇਸਿਸ) 7-9 ਦੇਖੋ)
ਹੜ੍ਹ ਤੋਂ ਬਾਅਦ, ਧਰਤੀ ਦੀ ਆਬਾਦੀ ਦੁਬਾਰਾ ਵਧਣ ਲੱਗੀ। ਸ਼ੁਰੂਆਤ ਵਿੱਚ ਲੋਕ ਇੱਕ ਥਾਂ ਤੇ ਰਹਿੰਦੇ ਸਨ ਅਤੇ ਇੱਕ ਭਾਸ਼ਾ ਬੋਲਦੇ ਸਨ । ਉਹਨਾਂ ਨੇ ਆਪਣਾ ਨਾਮ ਰੱਖਣ ਲਈ ਇੱਕ ਵੱਡਾ ਟਾਵਰ ਬਣਾਇਆ, ਪਰ ਰੱਬ ਇਸ ਤੋਂ ਖੁਸ਼ ਨਹੀ ਸੀ, ਅਤੇ ਵੱਖ-ਵੱਖ ਪਰਿਵਾਰਾਂ ਦੇ ਲੋਕਾਂ ਦੀ ਭਾਸ਼ਾ ਵਿੱਚ ਉਲਝਣ ਪਾ ਦਿੱਤੀ। ਇਸ ਉਲਝਨ ਕਰ ਕੇ, ਪਰਿਵਾਰ ਵੱਖ ਹੋ ਗਏ, ਅਤੇ ਸੰਸਾਰ ਦੇ ਵੱਖ-ਵੱਖ ਖੇਤਰਾਂ ਨੂੰ ਆਬਾਦ ਕੀਤਾ, ਅਤੇ ਦੇਸ਼ ਬਣ ਗਏ, ਜਿਨ੍ਹਾਂ ਵਿੱਚੋਂ ਕੁੱਝ ਦੀ ਅਜੇ ਵੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। (ਉਤਪਤੀ (ਜੀਨੇਸਿਸ) 7-9 ਦੇਖੋ)

## ਰੱਬ ਦੇ ਮਕਸਦ ਲਈ ਵੱਖ ਹੋਇਆ ਦੇਸ਼

ਕੁੱਝ ਦੇਰ ਬਾਅਦ, ਰੱਬ ਨੇ ਇੱਕ ਆਦਮੀ ਅਤੇ ਉਸ ਦੇ ਵਾਰਸਾਂ ਨੂੰ ਇੱਕ ਖਾਸ ਦੇਸ਼ ਬਣਾਉਣ ਲਈ ਚੁਣਿਆ। ਉਸ ਦੀ ਇਹ ਵੀ ਯੋਜਨਾ ਸੀ, ਕਿ ਵਾਅਦੇ ਅਨੁਸਾਰ ਮੁਕਤੀਦਾਤਾ ਇੱਕ ਦਿਨ ਇਸ ਦੇਸ਼ ਵਿੱਚ ਜਨਮ ਲਵੇਗਾ ।

ਜਿਸ ਵਿਅਕਤੀ ਨੂੰ ਉਸਨੇ ਚੁਣਿਆ ਉਸ ਦਾ ਨਾਮ ਅਬਰਾਹਮ ਸੀ, ਜੋ ਉਰ ਦੇ ਪੁਰਾਤਨ ਸ਼ਹਿਰ ਵਿੱਚ ਰਹਿੰਦਾ ਸੀ, ਜੋ ਹੁਣ ਇਰਾਕ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਰੱਬ ਨੇ ਅਬਰਾਹਮ ਨੂੰ ਆਪਣੇ ਰਿਸ਼ਤੇਦਾਰਾਂ ਤੋਂ ਦੂਰ ਇੱਕ ਨਵੀਂ ਥਾਂ ਤੇ ਜਾਣ ਲਈ ਕਿਹਾ ਜੋ ਰੱਬ ਉਸ ਨੂੰ ਵਿਖਾਏਗਾ।

ਅਬਰਾਹਾਮ ਨੇ ਫ਼ਰਾਤ ਦਰਿਆ ਪਾਰ ਕੀਤਾ। ਇਸ ਲਈ ਉਸ ਨੂੰ ਇੱਕ "ਯਹੂਦੀ (ਹੀਬ੍ਰਿਊ)" ਜਾਂ "ਇੱਕ ਵਿਅਕਤੀ ਜੋ ਪਾਰ ਗਿਆ ਹੋਵੇ" ਕਿਹਾ ਜਾਂਦਾ ਹੈ, ਅਤੇ ਯਹੂਦੀ ਜਾਂ ਯਹੂਦੀ ਦੇਸ਼ ਦਾ ਸੰਸਥਾਪਕ ਬਣ ਗਿਆ। ਰੱਬ, ਉਸ ਨੂੰ ਇੱਕ ਅਜਿਹੇ ਦੇਸ਼ ਲੈ ਗਿਆ ਜਿਸ ਨੂੰ ਕਨਾਨ ਕਹਿੰਦੇ ਸਨ, ਉਦੋਂ ਤੋਂ ਹੀ ਉਥੋਂ ਦੇ ਵਾਸੀ ਲੋਕਾਂ ਨੂੰ ਕਨਾਨੀ ਕਹਿੰਦੇ ਸਨ ।
ਹਾਲਾਂ ਕਿ ਅਬਰਾਹਮ ਬੁੱਢਾ ਸੀ, ਪਰ ਰੱਬ ਨੇ ਵਾਅਦਾ ਕੀਤਾ ਕਿ ਉਹ ਅਤੇ ਉਸ ਦੇ ਬੱਚੇ ਧਰਤੀ ਦੇ ਵਾਰਸ ਹੋਣਗੇ, ਅਤੇ ਉਸਦੇ ਵਾਰਸ ਇੱਕ ਦਿਨ ਆਕਾਸ਼ ਵਿੱਚ ਤਾਰਿਆਂ ਵਾਂਗ ਅਨਗਿਣਤ ਹੋਣਗੇ। ਰੱਬ ਨੇ ਇਹ ਵੀ ਵਾਅਦਾ ਕੀਤਾ ਕਿ ਅਬਰਾਹਮ ਦੇ ਕਾਰਨ ਧਰਤੀ ਤੇ ਬਾਕੀ ਪਰਿਵਾਰ ਵੀ ਧੰਨ ਹੋਣਗੇ। ਅਬਰਾਹਮ ਕਦੇ ਵੀ ਧਰਤੀ ਦਾ ਵਾਰਿਸ ਨਹੀਂ ਬਣਿਆ, ਪਰ ਰੱਬ ਉਸ ਨੂੰ ਭਵਿੱਖ ਵਿੱਚ ਪ੍ਰਾਪਤ ਕਰਨ ਲਈ ਉਸ ਨੂੰ ਮਾਰਿਆਂ ਵਿੱਚੋਂ ਪੈਦਾ ਕਰੇਗਾ – ਉਮੀਦ ਦਾ ਇੱਕ ਸੰਦੇਸ਼ ਜੋ ਬਾਈਬਲ ਹਰ ਵਾਰ ਦੂਸਰੇ ਵਫ਼ਾਦਾਰ ਵਿਸ਼ਵਾਸੀਆਂ ਲਈ ਦੁਹਰਾਉਂਦੀ ਹੈ। (ਹਿਬਰੀਊਜ਼ 11 ਵੇਖੋ).
ਅਬਰਾਹਮ ਦਾ ਇਸਾਕ ਨਾਮ ਦਾ ਇੱਕ ਪੁੱਤਰ ਸੀ ਜੋ ਹੋਰ ਔਲਾਦਾਂ ਦੀ ਤਰ੍ਹਾਂ ਇੱਕ ਮਹਾਨ ਦੇਸ਼ ਵਿੱਚ ਵੱਡਾ ਹੋਇਆ ਸੀ । ਇਸਾਕ ਦਾ ਯਕੂਬ ਨਾਮ ਦਾ ਇੱਕ ਪੁੱਤਰ ਸੀ, ਜਿਸ ਨੂੰ ਰੱਬ ਨੇ "ਇਸਰਾਈਲ" ਕਿਹਾ । ਰੱਬ ਦਾ ਮਕਸਦ ਇਸਰਾਈਲ ਨੂੰ ਯਕੂਬ ਦੀ ਵੰਜਸ਼ ਦੇ ਤੌਰ ਤੇ ਦਿਖਾਇਆ ਜਾਣਾ ਸੀ।
ਇਜ਼ਰਾਈਲ ਦੇ ਯਾਕੂਬ ਦੇ ਪੁਰਖੇ ਕਨਾਨ ਦੇਸ਼ ਵਿੱਚ ਭਟਕਦੇ ਚਰਵਾਹਿਆਂ ਦੇ ਤੌਰ ਤੇ ਰਹਿੰਦੇ ਸਨ। ਫੇਰ ਜਦੋਂ ਉੱਥੇ ਇੱਕ ਗੰਭੀਰ ਅਕਾਲ ਆਇਆ, ਉਹ ਮਿਸਰ ਵਿੱਚ ਜਾ ਕੇ ਵੱਸ ਗਏ। ਕੁੱਝ ਸਾਲਾਂ ਬਾਅਦ, ਮਿਸਰਾਂ ਨੇ ਉਹਨਾਂ ਨੂੰ ਗੁਲਾਮ ਬਣਾ ਲਿਆ, ਪਰ ਰੱਬ ਨੇ ਮੋਸੇਸ ਨਾਮ ਦਾ ਆਦਮੀ ਭੇਜਿਆ ਜਿਸ ਨੇ ਉਹਨਾਂ ਨੂੰ ਗੁਲਾਮੀ ਤੋਂ ਮੁਕਤੀ ਦਵਾਈ।
ਮੂਸਾ ਦੀ ਕਹਾਣੀ ਬਾਈਬਲ ਦੀ ਦੂਸਰੀ ਕਿਤਾਬ, ਐਕਸੋਡਸ ਵਿੱਚ ਪਾਈ ਜਾਂਦੀ ਹੈ। ਰੱਬ ਨੇ ਮਿਸਰ ਦੇ ਰਾਜੇ ਨੂੰ ਇਜ਼ਰਾਈਲ ਦੇ ਲੋਕਾਂ ਨੂੰ ਮੁਕਤ ਕਰਨ ਲਈ ਮਜਬੂਰ ਕਰਨ ਲਈ ਮਿਸਰ ਵਿੱਚ ਮੁਸੀਬਤਾਂ ਭੇਜੀਆਂ। ਮੂਸਾ ਨੇ ਕਨਾਨ ਦੀ ਧਰਤੀ ਦੇ ਪਾਸਿਓ ਮਰੂਥਲ ਰਾਹੀਂ ਉਹਨਾਂ ਦੇ ਅਗਵਾਈ ਕੀਤੀ। ਰੱਬ ਨੇ **ਲੇਵਿਟੀਕਸ** ਅਤੇ

**ਦਿਉਤ੍ਰੋਨੋਮੀ** ਕਿਤਾਬਾਂ ਵਿੱਚ ਉਹਨਾਂ ਨੂੰ ਵਿਸ਼ੇਸ਼ ਕਾਨੂੰਨ ਦਿੱਤੇ ਸਨ ਜੋ ਇਜ਼ਰਾਈਲ ਨੂੰ ਇਹ ਦਰਸਾਉਂਦੇ ਸਨ ਕਿ ਉਹਨਾਂ ਨੇ ਕਿਵੇਂ ਰਹਿਣਾ ਸੀ। ਮੂਸਾ ਦੀ ਮੌਤ ਤੋਂ ਬਾਅਦ, ਯਹੋਸ਼ੁਆ ਨੇ ਕਨਾਨੀ ਨੂੰ ਹਰਾਉਣ ਲਈ ਦੇਸ਼ ਵਿੱਚ ਇਜ਼ਰਾਈਲ ਦੀ ਅਗਵਾਈ ਕੀਤੀ**। ਯਹੋਸ਼ੁਆ** ਦੀ ਕਿਤਾਬ ਦੱਸਦੀ ਹੈ ਕੀ ਰੱਬ ਕਿਵੇਂ ਇਜ਼ਰਾਈਲ ਨਾਲ ਸੀ, ਅਤੇ ਉਹਨਾਂ ਨੂੰ ਵਾਅਦੇ ਅਨੁਸਾਰ ਦੇਸ਼ ਦਿੱਤਾ।

ਅਗਲੀ ਕਿਤਾਬ ਜਜਿਜ਼ ਦੱਸਦੀ ਹੈ ਕਿ ਕਿਵੇਂ ਇਜ਼ਰਾਈਲ ਉਹਨਾਂ ਦੇ ਦੇਸ਼ ਵਿੱਚ ਰਿਹਾ ਅਤੇ ਕਿਵੇਂ **ਜਜਿਜ਼** ਦੁਆਰਾ ਉਹਨਾਂ 'ਤੇ ਸ਼ਾਸ਼ਨ ਕੀਤਾ ਗਿਆ ਜੋ ਉਹਨਾਂ ਨੂੰ ਰੱਬ ਦੀ ਪੂਜਾ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕਰਦੇ ਸਨ, ਹਾਲਾਂ ਕਿ ਉਹ ਅਕਸਰ ਮੂਰਤਾਂ ਦੀ ਪੂਜਾ ਕਰਦੇ ਸਨ, ਜਿਸਨੇ ਰੱਬ ਨੂੰ ਨਾਰਾਜ਼ ਕਰ ਦਿੱਤਾ।

**1 ਸਮੂਏਲ ਅਤੇ 2 ਸਮੂਏਲ** ਵਿੱਚ ਅਸੀਂ ਪੜ੍ਹਦੇ ਹਾਂ ਕਿ ਕਿਵੇਂ ਇਜ਼ਰਾਈਲ ਦੇ ਲੋਕਾਂ ਨੇ ਇੱਕ ਰਾਜਾ ਦੀ ਮੰਗ ਕੀਤੀ ਜੋ ਉਹਨਾਂ ਦੀ ਹੋਰ ਦੇਸ਼ਾਂ ਦੇ ਰਾਜਿਆਂ ਵਾਂਗ ਲੜਾਈ ਵਿੱਚ ਅਗਵਾਈ ਕਰ ਸਕੇ। ਪਹਿਲੇ ਰਾਜੇ, ਸ਼ਾਊਲ ਨੇ ਕਾਫੀ ਚੰਗੀ ਸ਼ੁਰੁਆਤ ਕੀਤੀ, ਪਰ ਰੱਬ ਦੀ ਗੱਲ ਨਾ ਮੰਨਣ ਕਾਰਨ ਖਤਮ ਹੋ ਗਿਆ ਹੈ ਅਤੇ ਅਸਵੀਕਾਰ ਹੋ ਗਿਆ। ਰੱਬ ਨੇ ਅਗਲਾ ਰਾਜਾ ਬਣਾਇਆ ਜਿਸਦਾ ਨਾਮ ਡੇਵਿਡ ਸੀ, ਰੱਬ ਦੇ ਦਿਲ ਦਾ ਇੱਕ ਆਦਮੀ (ਐਕਟ 13:32)। ਇਸ ਰਾਜੇ ਅਤੇ ਉਸਦੇ ਪੁੱਤਰ ਸੋਲੋਮੋਨ ਨੇ ਇਜ਼ਰਾਈਲ ਨੂੰ ਇੱਕ ਮਹਾਨ ਦੇਸ਼ ਬਣਾ ਦਿੱਤਾ। ਰੱਬ ਲਈ ਇਕ ਬਹੁਤ ਵੱਡਾ ਮੰਦਰ ਬਣਾਇਆ ਗਿਆ ਜਿੱਥੇ ਲੋਕ ਸ਼ਰਧਾਂਜਲੀ ਦੇਣ ਅਤੇ ਧਰਤੀ ਤੇ ਉਸ ਦੇ ਰਾਜ ਦੀ ਮਹਿਮਾ ਵੇਖਣ ਲਈ ਦੂਰ-ਦੂਰ ਤੋਂ ਆਉਂਦੇ ਸਨ। ਡੇਵਿਡ ਇੱਕ ਸੰਗੀਤਕਾਰ ਵੀ ਸੀ ਅਤੇ ਭਜਨਾਂ ਵਿੱਚ ਉਸ ਦੇ ਕਈ ਗਾਣੇ ਸ਼ਾਮਿਲ ਹਨ।

ਬਦਕਿਸਮਤੀ ਨਾਲ, ਬਾਅਦ ਦੇ ਰਾਜਾ ਚੰਗੇ ਨਹੀਂ ਸਨ, ਅਤੇ ਸੋਲੋਮਨ ਤੋਂ ਬਾਅਦ ਦੇਸ਼ ਦੋ ਹਿੱਸਿਆਂ ਉੱਤਰੀ ਅਤੇ ਦੱਖਣੀ ਰਾਜਾਂ ਵਿੱਚ ਵੰਡਿਆ ਗਿਆ।ਅਸੀਂ ਇਨ੍ਹਾਂ ਸਾਲਾਂ ਬਾਰੇ 1 ਰਾਜਾ ਅਤੇ 2 ਰਾਜੇ ਵਿੱਚ ਪੜ੍ਹ ਚੁੱਕੇ ਹਾਂ।
ਉੱਤਰੀ ਰਾਜ ਵਿੱਚੋਂ ਕੋਈ ਵੀ ਰਾਜਾ ਚੰਗਾ ਨਹੀ ਹੋਇਆ, ਹਾਲਾਂਕਿ ਰੱਬ ਨੇ ਕਈ ਪੈਗੰਬਰ ਉਹਨਾਂ ਨੂੰ ਰਾਹ ਦਿਖਾਉਣ ਲਈ ਭੇਜੇ ਸਨ - ਉਦਾਹਰਨ ਲਈ **ਈਜਕੀਲ, ਹੋਸਇਆ ਅਤੇ ਏਮੋਸ।**

ਅੰਤ ਵਿੱਚ ਉੱਤਰੀ ਰਾਜ ਅਸੀਰੀਆ ਦੀ ਫੌਜ ਦੁਆਰਾ ਆਪਣੇ ਕਬਜ਼ੇ ਵਿੱਚ ਲੈ ਲਿਆ ਗਿਆ। ਜੁਦਾਹ ਦੇ ਦੱਖਣੀ ਰਾਜ ਵਿੱਚ ਕਈ ਰਾਜਾ ਚੰਗੇ ਹੋਏ ਪਰ ਬਾਕੀ ਬਹੁਤ ਬੁਰੇ ਸਨ। ਹਾਲਾਂ ਕਿ ਰੱਬ ਨੇ ਉੱਥੇ ਵੀ ਕਈ ਪੈਗੰਬਰ ਭੇਜੇ ਸਨ ਫ਼ ਜਿਵੇਂ ਕਿ ਯਸਾਯਾਹ, ਯਿਰਮਿਯਾਹ ਅਤੇ ਮੀਕਾਹ। ਅੰਤ ਵਿੱਚ ਜੁਦਾਹ ਨੂੰ ਵੀ ਬੇਬੀਲੋਨ ਦੀ ਫੌਜ ਦੁਆਰਾ ਆਪਣੇ ਕਬਜ਼ੇ ਵਿੱਚ ਗੁਲਾਮ ਦੇ ਤੌਰ ਲੈ ਲਿਆ ਗਿਆ।

ਬਾਅਦ ਵਿੱਚ, **ਅਜ਼ਰਾ ਅਤੇ ਨਹਮਯਾਹ** ਦੀਆਂ ਕਿਤਾਬਾਂ ਵਿੱਚ, ਇਹ ਯਹੂਦੀ ਬੇਬੀਲੋਨ ਤੋਂ ਇਜ਼ ਰਾਈਲ ਦੇਸ਼ ਵਾਪਸ ਆ ਗਏ। ਯਰੂਸ਼ਲਮ ਵਿੱਚ ਵਾਪਸ, ਰਾਜਾ ਸੋਲੋਮੋਨ ਦੁਆਰਾ ਬਣਾਏ ਮੰਦਰ ਦੀ ਸੋਭਾ ਤੋਂ ਬਗੈਰ ਫੇਰ ਰੱਬ ਦਾ ਮੰਦਰ ਬਣਾਇਆ ਗਿਆ।

**ਵਚਨਬੱਧ ਮੁਕਤੀਦਾਤਾ**

ਫਾਰਸੀ, ਫਿਰ ਯੂਨਾਨੀ, ਅਤੇ ਅਖੀਰ ਤੇ ਰੋਮੀ ਨੇ ਇਸਰਾਈਲ ਦੇਸ਼ ਤੇ ਰਾਜ ਕੀਤਾ। ਯੇਰੂਸ਼ੇਲਮ ਵਿੱਚ ਕੋਈ ਵੀ ਯਹੂਦੀ ਰਾਜਾ ਨਹੀਂ ਸੀ। ਰੱਬ ਨੇ ਕਿਹਾ (ਈਜਕੀਲ 21:27)ਸੀ ਕਿ ਕੋਈ ਵੀ ਰਾਜਾ ਉਦੋਂ ਤੱਕ ਨਹੀਂ ਆਵੇਗਾ ਜਦ ਤੱਕ ਕਿ ਉਸਦੀ ਚੋਣ ਦਾ ਸਮਾਂ ਨਹੀਂ ਆਉਂਦਾ।
ਕਈ ਪੀੜ੍ਹੀਆਂ ਤੋਂ, ਪੈਗੰਬਰਾਂ ਨੇ ਇਸਰਾਈਲ ਲਈ ਇੱਕ ਮੁਕਤੀਦਾਤਾ ਦਾ ਵਾਅਦਾ ਕੀਤਾ ਸੀ– ਇੱਕ ਰਾਜਾ ਜੋ ਅਬਰਾਹਮ ਨੂੰ ਕੀਤੇ ਵਾਅਦੇ ਨੂੰ ਪੂਰਾ ਕਰੇਗਾ। ਇਹ ਮੁਕਤੀਦਾਤੇ ਨੂੰ ਦੋ ਸ਼ਬਦਾਂ ਮਸੀਹਾਂ ਜਾਂ ਕਰਾਈਸਟ ਦੀ ਉਪਾਧੀ ਦਿੱਤੀ ਗਈ ਸੀ, ਦੋਹਾਂ ਦਾ ਅਰਥ ਅਭਿਸ਼ੇਕ ਸੀ। ਕਿਉਂਕਿ ਰੱਬ ਨੇ ਉਸਨੂੰ ਸਾਰੇ ਸੰਸਾਰ ਦਾ ਰਾਜਾ ਹੋਣ ਲਈ ਅਭਿਸ਼ੇਕ ਕੀਤਾ ਸੀ।

**ਯਿਸੂ ਦਾ ਜਨਮ**

**ਨਵੀਂ ਧਰਮ-ਪੁਸਤਕ (ਸਾਖੀ) ਵਿੱਚ ਮੈਥਿਊ ਅਤੇ ਲਿਊਕ ਦੇ ਇੰਜੀਲ(ਸਿਧਾਂਤ)** ਦੱਸਦੇ ਹਨ ਕਿ ਕਿਵੇਂ

ਇਸਰਾਈਲ ਦੀ ਧਰਤੀ ਤੇ ਮੈਰੀ ਨਾਮਕ ਇੱਕ ਕੁਆਰੀ ਕੁੜੀ ਦੇ ਮੁੰਡਾ ਹੋਇਆ। ਉਸ ਉੱਤੇ ਰੱਬ ਦੀ ਸ਼ਕਤੀ, ਜਾਂ ਪਵਿੱਤਰ ਆਤਮਾ ਆ ਗਈ। ਬੱਚਾ-ਯਿਸੂ-ਰੱਬ ਦਾ ਪੁੱਤਰ ਸੀ। ਉਹ ਇੱਕ ਆਦਮੀ ਦਾ ਬੱਚਾ ਵੀ ਸੀ, ਕਿਉਂਕਿ ਉਸ ਦੀ ਮਾਂ ਇੱਕ ਆਮ ਔਰਤ ਸੀ। ਸਾਰੀ ਜ਼ਿੰਦਗੀ, ਉਹ ਹੋਰ ਸਾਰੇ ਆਦਮੀ ਅਤੇ ਔਰਤਾਂ ਦੀ ਤਰ੍ਹਾਂ ਸਮੱਸਿਆ, ਕੋਸ਼ਿਸ਼ਾਂ ਅਤੇ ਲਾਲਚ ਦੇ ਅਧੀਨ ਸੀ । ਮੈਰੀ ਦੀ ਇੱਕ ਧਰਮੀ ਬੰਦੇ ਜੋਸਫ਼ ਨਾਲ ਕੁੜਮਾਈ ਹੋਈ ਸੀ । ਰੱਬ ਨੇ ਇਹ ਦੱਸਣ ਲਈ ਇੱਕ ਫਰਿਸ਼ਤਾ ਭੇਜਿਆ ਕਿ ਬੱਚਾ ਰੱਬ ਵੱਲੋਂ ਹੈ, ਨਾ ਕੀ ਆਦਮੀ ਵੱਲੋਂ। ਤੱਦ, ਜੱਦ ਮੈਰੀ ਜਨਮ ਦੇਣ ਦੇ ਨੇੜੇ ਸੀ, ਉਹਨਾਂ ਨੂੰ ਬੇਥਲਹਮ ਤੱਕ ਸਫਰ ਕਰਨਾ ਪਿਆ। ਜੱਦ ਮੈਰੀ ਅਤੇ ਜੋਸੇਫ਼ ਉੱਥੇ ਪੁੱਜੇ ਤਾਂ ਉੱਥੇ ਰਹਿਣ ਲਈ ਕੋਈ ਥਾਂ ਨਹੀਂ ਸੀ ਇਸ ਲਈ ਉਹ ਜਾਨਵਰਾਂ ਦੇ ਇੱਕ ਵਾੜੇ ਵਿੱਚ ਸੌਂ ਗਏ। ਉੱਥੇ, ਯਿਸੂ ਪੈਦਾ ਹੋਇਆ ਅਤੇ ਉਸਨੇ ਆਪਣੀ ਪਹਿਲੀ ਰਾਤ ਅਸਥਾਈ ਮੰਜੇ ਤੇ ਚੁੰਘਦੇ ਹੋਏ ਬਤੀਤ ਕੀਤੀ। ਇਸ ਲਈ ਸੰਸਾਰ ਦਾ ਮੁਕਤੀਦਾਤਾ ਬਹੁਤ ਹੀ ਮਾੜੇ ਹਾਲਾਤਾਂ ਵਿਚ, ਗਰੀਬੀ ਵਿੱਚ ਪੈਦਾ ਹੋਇਆ ਸੀ।

## ਯਿਸੂ ਦੀ ਸਿੱਖਿਆਵਾਂ ਅਤੇ ਕੰਮ

ਯਿਸੂ ਇੱਕ ਮੁਕਤੀਦਾਤਾ ਉੱਤਰੀ ਇਸਰਾਈਲ ਵਿੱਚ ਨਾਜ਼ੇਰਥ ਨਾਮ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਵੱਡਾ ਹੋਇਆ। ਉਸ ਨੇ ਜੋਸਫ ਦੇ ਕਿੱਤੇ, ਤਰਖਾਣ ਦਾ ਕੰਮ ਸਿੱਖਿਆ । ਜਦੋਂ ਉਹ ਤੀਹ ਸਾਲ ਦਾ ਸੀ, ਉਸ ਨੇ ਪ੍ਰਚਾਰ ਕਰਨਾ ਅਤੇ ਰੱਬ ਦੇ ਆਉਣ ਵਾਲੇ ਰਾਜ ਬਾਰੇ ਸਿਖਾਉਣਾ ਸ਼ੁਰੂ ਕਰ ਦਿੱਤਾ। ਰੱਬ ਦੀ ਤਾਕਤ ਨਾਲ, ਉਸ ਨੇ ਬਿਮਾਰ ਲੋਕਾਂ ਨੂੰ ਠੀਕ ਕੀਤਾ, ਅਤੇ ਉਹਨਾਂ ਨੂੰ ਸੱਚੇ ਰਸਤੇ ਪਾਇਆ ਅਤੇ ਇਸ ਰਾਜ ਵਿੱਚ ਰਹਿਣ ਲਈ ਤਿਆਰ ਕੀਤਾ। ਯਿਸੂ ਨੇ ਰੱਬ ਨੂੰ ਆਪਣੇ ਬੱਚਿਆਂ ਦੇ ਪਿਤਾ ਦੇ ਤੌਰ ਤੇ ਦਿਖਾਇਆ, ਅਤੇ ਆਪਣਿਆਂ ਚੇਲਿਆਂ ਨੂੰ ਪ੍ਰਾਰਥਨਾ ਕਰਨ ਵੇਲੇ "ਸਾਡਾ ਪਿਤਾ" ਕਹਿਣਾ ਸਿਖਾਇਆ ।
12 ਚੇਲੇ ਯਿਸੂ ਦੇ ਨਾਲ ਗਏ। ਉਸ ਨੇ ਲੋਕਾਂ ਨੂੰ ਰੱਬ ਦਾ ਰਾਹ ਦਿਖਾਉਂਦੇ ਹੋਏ,ਸੰਪੂਰਨ ਇਸਰਾਈਲ ਦਾ ਦੌਰਾ ਕੀਤਾ। ਪਰ ਯਹੂਦੀਆਂ ਦੇ ਆਗੂ, ਈਰਖਾ ਵਿੱਚ ਸਨ, ਕਿਉਕਿ ਬਹੁਤ ਸਾਰੇ ਲੋਕ ਯਿਸੂ ਨੂੰ ਸੁਣ ਰਹੇ ਸਨ, ਅਤੇ ਉਹਨਾਂ ਨੇ ਉਸ ਨੂੰ ਮਾਰਨ ਦੀ ਸਾਜ਼ਿਸ਼ ਰਚੀ ।
ਯਿਸੂ ਅਕਸਰ ਕਹਾਣੀਆ, ਜਾਂ ਪ੍ਰਸੰਗ ਵਿੱਚ ਗੱਲ ਕਰਦੇ ਸੀ । ਉਸ ਨੇ ਆਪਣੇ ਚੇਲਿਆਂ ਨੂੰ ਇਨ੍ਹਾਂ ਪ੍ਰਸੰਗਾਂ ਦੇ ਅਰਥਾਂ ਦੀ ਵਿਆਖਿਆ ਕੀਤੀ। ਅਕਸਰ ਪ੍ਰਸੰਗ ਧਰਤੀ ਉੱਤੇ ਰੱਬ ਦੇ ਆਉਣ ਵਾਲੇ ਰਾਜ, ਅਤੇ ਇਹ ਕਿਹੋ ਜਿਹਾ ਹੋਵੇਗਾ, ਉੱਥੇ ਕੌਣ ਹੋਵੇਗਾ, ਅਤੇ ਕਿਸ ਤਰ੍ਹਾਂ ਤਿਆਰ ਰਿਹਾ ਜਾਵੇ, ਬਾਰੇ ਹੁੰਦੇ ਸਨ। ਨਵੀਂ ਧਰਮ-ਪੁਸਤਕ (ਸਾਖੀ) ਵਿੱਚ ਯਿਸੂ ਦੇ ਜੀਵਨ ਦੇ ਚਾਰ ਰਿਕਾਰਡ **ਮੈਥਿਊ, ਮਾਰਕ, ਲਿਉਕ ਅਤੇ ਜੋਹਨ** ਦੇ ਸਿਧਾਂਤ ਸ਼ਾਮਿਲ ਹਨ।

ਇਸਰਾਈਲ ਵਿੱਚ ਪ੍ਰਚਾਰ ਦੇ ਸਾਢੇ ਤਿੰਨ ਸਾਲ ਬਾਅਦ, ਪ੍ਰਧਾਨ ਪ੍ਰੀਸਟ ਅਤੇ ਹਾਕਮ ਯਿਸੂ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲ ਹੋ ਗਏ । ਉਹਨਾਂ ਨੇ ਉਸ ਨੂੰ ਬਹੁਤ ਚੀਜ਼ਾਂ ਦਾ ਦੋਸ਼ੀ ਮੰਨਿਆ, ਜਿਸ ਲਈ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਗਈ। ਇੱਕ ਸਖਤ ਮੁਕੱਦਮੇ ਦੇ ਬਾਅਦ, ਉਸ ਦੀ ਮੌਤ ਦੀ ਸਜ਼ਾ ਦੀ ਮੰਗ ਕਰਦੇ ਹੋਏ ਉਹਨਾਂ ਨੇ ਉਸ ਨੂੰ ਰੋਮ ਦੇ ਗਵਰਨਰ ਦੇ ਹਵਾਲੇ ਕਰ ਦਿੱਤਾ। ਕੁੱਝ ਝਿਜਕ ਦੇ ਬਾਅਦ, ਗਵਰਨਰ ਨੇ ਯਿਸੂ ਨੂੰ ਰੋਮਨ ਤਰੀਕੇ ਸਲੀਬ, ਲੱਕੜ ਦੀ ਇੱਕ ਸਲੀਬ ਉੱਤੇ ਟੰਗ ਕੇ ਜ਼ਮੀਨ ਵਿੱਚ ਬਣੇ ਖੱਡੇ ਵਿੱਚ ਸੁੱਟ ਕੇ ਮਾਰ ਦਿੱਤਾ। ਪੀੜਤ ਕਈ ਘੰਟਿਆਂ ਦੀ ਪੀੜ ਦੇ ਬਾਅਦ ਮਰ ਗਿਆ। ਯਿਸੂ ਇੱਕ ਪਾਪ ਰਹਿਤ ਮਨੁੱਖ ਦੀ ਤਰ੍ਹਾਂ ਮਰਿਆ ਜੋ ਕਦੇ

ਵੀ ਰੱਬ ਦਾ ਗੈਰ-ਆਗਿਆਕਾਰੀ ਨਹੀਂ ਸੀ । ਫਿਰ ਵੀ, ਉਸ ਨੇ ਜਨਤਾ ਨੂੰ ਦਿਖਾਇਆ ਕਿ ਮਨੁੱਖਤਾ ਕਿਸ ਲਾਇਕ ਹੈ- ਮੌਤ ਦੇ ।

## ਪੁਨਰ-ਉੱਥਾਨ

ਤਿੰਨ ਦਿਨ ਬਾਅਦ ਰੱਬ ਨੇ ਮੌਤ ਤੋਂ ਯਿਸੂ ਨੂੰ ਉਠਾਇਆ। ਜਿਨ੍ਹਾਂ ਯਹੂਦੀਆਂ ਨੇ ਉਸ ਨੂੰ ਮਾਰ ਦਿੱਤਾ ਸੀ, ਉਹ ਯਿਸੂ ਦੇ ਸਰੀਰ ਲਾਪਤਾ ਹੋਣ ਕਾਰਨ ਪਰੇਸ਼ਾਨ ਸਨ, ਅਤੇ ਉਸ ਦੇ ਚੇਲਿਆਂ ਨੇ ਕਿਹਾ ਕਿ ਉਹ ਜਿੰਦਾ ਸੀ ।

ਯਿਸੂ ਕੁੱਝ ਹਫ਼ਤੇ ਬਾਅਦ ਸਵਰਗ ਜਾਣ ਤੋਂ ਪਹਿਲਾਂ ਪੰਜ ਸੌ ਚੇਲਿਆਂ ਦੇ ਸਾਹਮਣੇ ਪ੍ਰਗਟ ਹੋਇਆ । ਰੱਬ ਦੇ ਦੂਤਾਂ ਨੇ ਵਾਅਦਾ ਕੀਤਾ ਸੀ ਕਿ, ਜਿਸ ਤਰੀਕੇ ਨਾਲ ਉਹ ਉੱਪਰ ਸਵਰਗ ਵਿੱਚ ਗਿਆ ਸੀ, ਉਸੇ ਤਰ੍ਹਾਂ ਯਿਸੂ ਵਾਪਸ ਆਵੇਗਾ ।

ਯਿਸੂ ਦੇ ਚੇਲੇ ਅਤੇ ਸਾਰੇ ਲੋਕ ਜੋ ਯਿਸੂ ਦੇ ਕੰਮ ਕਰਕੇ ਬਚਾਏ ਗਏ ਸਨ, ਹੁਣ ਯਿਸੂ ਦੇ ਰਾਜ ਦੀ ਖ਼ੁਸ਼ ਖ਼ਬਰੀ ਦਾ ਪ੍ਰਚਾਰ ਕਰਨ ਲਈ ਬਹੁਤ ਨਿਡਰ ਸਨ । ਯਹੂਦੀ ਇਹ ਨਹੀਂ ਦਿਖਾ ਸਕਦੇ ਸਨ ਕਿ ਯਿਸੂ ਹਾਲੇ ਵੀ ਮਰਿਆ ਹੋਇਆ ਸੀ, ਅਤੇ ਚੇਲੇ ਇਲਾਜ ਦੇ ਚਮਤਕਾਰ ਵਿਖਾ ਕੇ ਰੱਬ ਦੀ ਤਾਕਤ ਦਾ ਅਪਮਾਨ ਨਾ ਕਰ ਸਕੇ ।

## ਇਸਾਈਅਤ ਦਾ ਫੈਲਾਅ

**ਐਕਟ** ਦੀ ਕਿਤਾਬ ਵਿੱਚ ਅਸੀਂ ਇਸ ਬਾਰੇ ਪੜ੍ਹਿਆ ਕਿ ਈਸਾਈਅਤ ਕਿਵੇਂ ਰੋਮਨ ਸੰਸਾਰ ਦੁਆਰਾ ਫੈਲੀ, ਅਤੇ ਵਿਸ਼ਵਾਸੀਆਂ ਦੀ ਸਭਾਵਾਂ ਕਈ ਸ਼ਹਿਰਾਂ ਵਿੱਚ ਹੋਈਆਂ। ਬਾਈਬਲ ਦੀਆਂ ਬਹੁਤੀਆਂ ਨਵੀਂਆਂ ਧਰਮ-ਪੁਸਤਕਾਂ ਯਿਸੂ ਦੇ ਚੇਲਿਆਂ ਦੇ ਪੱਤਰਾਂ ਦੀਆਂ ਬਣੀਆਂ ਹਨ, ਜੋ ਰੱਬ ਦੀ ਸਿੱਖਿਆਵਾਂ ਦਿਖਾਉਂਦੇ ਹਨ ਅਤੇ ਉਹਨਾਂ ਨੂੰ ਰੱਬ ਅਨੁਸਾਰ ਜਿਉਣ ਵਿੱਚ ਮਦਦ ਕਰਦੇ ਹਨ। ਇਨ੍ਹਾਂ ਵਿੱਚੋਂ ਬਹੁਤੇ ਪੱਤਰ, ਜਿਵੇਂ ਕਿ **ਰੋਮਨਸ, 1 ਅਤੇ 2 ਕੁਰਿੰਥਿੰਸ, ਗਲਾਟਿੰਸ, ਅਫਸੁੱਸ ਅਤੇ ਫ਼ਿਲਿੱਪਿੰਸ ਪੌਲ** ਦੇ ਨਾਮ ਤੇ ਇੱਕ ਤਬਦੀਲ ਹੋਏ ਯਹੂਦੀ ਦੁਆਰਾ ਲਿਖੇ ਗਏ ਸੀ।

ਯਿਸੂ ਦੇ ਚੇਲਿਆਂ ਦੇ ਪ੍ਰਚਾਰ ਨੇ ਦਿਖਾਇਆ ਕਿ ਰੱਬ ਦਾ ਮਕਸਦ ਹਰ ਜਗ੍ਹਾ ਆਦਮੀ ਅਤੇ ਔਰਤ ਨਾਲ ਸੀ, ਨਾ ਕਿ ਸਿਰਫ ਯਹੂਦੀਆਂ ਲਈ। ਸੰਦੇਸ਼ ਇਹ ਸੀ ਕਿ ਹਰ ਥਾਂ ਤੇ ਵਿਅਕਤੀਆਂ ਨੂੰ ਰੱਬ ਬਾਰੇ ਸਿੱਖਣਾ ਚਾਹੀਦਾ ਹੈ, ਆਪਣੇ ਬੁਰੇ ਕੰਮਾਂ ਤੋਂ ਤੌਬਾ ਕਰਨੀ ਚਾਹੀਦੀ ਹੈ ਅਤੇ ਆਪਣੇ ਪਾਪਾਂ ਦੀ ਮਾਫ਼ੀ ਲਈ ਯਿਸੂ ਮਸੀਹ ਦੇ ਨਾਮ ਨੂੰ ਧਾਰਨ ਕਰਨਾ ਚਾਹੀਦਾ ਹੈ। ਚੇਲਿਆਂ ਨੇ ਰੱਬ ਦੇ ਰਾਜ ਬਾਰੇ ਵੀ ਪ੍ਰਚਾਰ ਕੀਤਾ, ਅਤੇ ਦਿਖਾਇਆ ਕਿ ਰੱਬ ਨੇ ਅਬਰਾਹਮ ਅਤੇ ਪੁਰਾਣੀ ਧਰਮ-ਪੁਸਤਕ (ਸਾਖੀ) ਵਿੱਚ ਹੋਰ ਵਫ਼ਾਦਾਰ ਆਦਮੀਆਂ ਦੇ ਸਾਰੇ ਵਾਅਦੇ ਪੂਰੇ ਕੀਤੇ। ਬਹੁਤ ਸਾਰੇ ਲੋਕ ਜਿਨ੍ਹਾਂ ਨੂੰ ਰੱਬ ਦੇ ਰਾਜ ਅਤੇ ਯਿਸੂ ਮਸੀਹ ਦੇ ਸੰਦੇਸ਼ ਤੇ ਵਿਸ਼ਵਾਸ ਸੀ ਉਹ ਉਸੇ ਸਮੇਂ ਤੇ ਯਿਸੂ ਦੇ ਨਾਮ ਦੇ ਧਾਰਨੀ ਹੋ ਗਏ। ਉਹ ਪਾਣੀ ਵਿੱਚ ਪੂਰੀ ਤਰ੍ਹਾਂ ਡੁੱਬ ਗਏ ਸੀ, ਇੱਕ ਨਿਸ਼ਾਨੀ ਦੀ ਤਰ੍ਹਾਂ ਕਿ ਉਹ ਯਿਸੂ ਦੇ ਨਾਲ ਮਰਨ ਲਈ ਤਿਆਰ ਹਨ, ਅਤੇ ਫਿਰ ਇੱਕ ਨਵੀਂ ਜਿੰਦਗੀ ਲਈ ਪਾਣੀ ਤੋਂ ਬਾਹਰ ਆ ਗਏ ਸਨ। ਯਿਸੂ ਨੇ ਖ਼ੁਦ ਆਪਣਿਆਂ ਚੇਲਿਆਂ ਨੂੰ ਰੱਬ ਦੇ ਸੰਦੇਸ਼ ਦਾ ਉਪਦੇਸ਼ ਦੇਣ ਅਤੇ ਸਾਰੇ ਰਾਸ਼ਟਰਾਂ ਦੇ ਲੋਕਾਂ ਜਿਨ੍ਹਾਂ ਨੇ ਇਸ ਦਾ ਵਿਸ਼ਵਾਸ ਕੀਤਾ, ਉਹਨਾਂ ਨੂੰ ਬਪਤਿਸਮਾ ਕਰਨ ਦਾ ਹੁਕਮ ਦਿੱਤਾ ।

## ਬਾਈਬਲ ਦੀ ਆਖਰੀ ਕਿਤਾਬ

ਬਾਈਬਲ ਦੀ ਆਖ਼ਰੀ ਕਿਤਾਬ, **ਆਕਾਸ਼ਵਾਣੀ**, ਵਿੱਚ ਪਹਿਲੀ ਸਦੀ ਦੀਆਂ ਸੱਤ ਸਭਾਵਾਂ ਲਈ ਰੱਬ ਅਤੇ ਯਿਸੂ ਮਸੀਹ ਵੱਲੋਂ ਇੱਕ ਸੰਦੇਸ਼ ਸ਼ਾਮਿਲ ਹੈ । ਇਹ ਕਿਤਾਬ ਭਵਿੱਖ ਦੀਆਂ ਘਟਨਾਵਾਂ ਬਾਰੇ ਸੰਕੇਤ ਅਤੇ ਪ੍ਰਤੀਕ ਵਿੱਚ ਬੋਲਦੀ ਹੈ । ਬਾਈਬਲ ਦੇ ਪਿਛਲਿਆਂ ਹਿੱਸਿਆਂ ਨੂੰ ਲੈ ਕੇ ਬਹੁਤ ਸਾਰੇ ਭਰਮ ਹਨ, ਖਾਸ ਤੌਰ ਤੇ ਪੁਰਾਣੀ ਧਰਮ-ਪੁਸਤਕ (ਸਾਖੀ) ਬਾਰੇ।

ਆਕਾਸ਼ਵਾਣੀ ਦੇ ਬਾਅਦ, ਬਾਈਬਲ ਪੂਰੀ ਹੋ ਗਈ ਸੀ । ਉਸ ਤੋਂ ਬਾਅਦ ਰੱਬ ਵੱਲੋਂ ਕੋਈ ਹੋਰ ਪਵਿੱਤਰ ਕਿਤਾਬ ਨਹੀਂ ਆਈ । ਬਾਈਬਲ ਸਥਾਈ ਮੌਤ ਤੋਂ ਬਚਣ ਦੇ ਇੱਕੋ ਇੱਕ ਤਰੀਕੇ ਦੀ ਪੇਸ਼ਕਸ਼ ਕਰਦੀ ਹੈ । (ਐਕਟ 4:12; ਐਕਟ 16: 30-31) । ਇਹ ਕਿਤਾਬ ਸਾਰੀਆਂ ਜਾਤਾਂ, ਸਾਰੇ ਰੰਗਾਂ, ਸਾਰੇ ਸਭਿਆਚਾਰਾਂ, ਅਮੀਰ ਅਤੇ ਗਰੀਬ, ਆਦਮੀ ਅਤੇ ਔਰਤ, ਬਜ਼ੁਰਗ ਅਤੇ ਨੌਜਵਾਨਾਂ ਲਈ ਹੈ । ਇਸ ਵਿੱਚ ਜ਼ਿੰਦਗੀ ਦੀ ਸੱਚਾਈ ਸ਼ਾਮਿਲ ਹੈ ਅਤੇ ਇਹ ਸੱਚਮੁੱਚ ਜ਼ਿੰਦਗੀ ਨੂੰ ਬਦਲਣ ਵਿੱਚ ਸਮੱਰਥ ਹੈ।

## ਬਾਈਬਲ ਕਿਉਂ ਲਿਖੀ ਗਈ ਸੀ?

ਬਾਈਬਲ ਬਹੁਤ ਹੀ ਖਾਸ ਕਿਤਾਬ ਹੈ, ਜਿਸ ਨੂੰ ਹਜ਼ਾਰਾਂ ਸਾਲਾਂ ਤੋਂ ਸੰਭਾਲਿਆ ਗਿਆ ਹੈ । ਇਸ ਦਾ ਸੈਂਕੜਿਆਂ ਭਾਸ਼ਾਵਾਂ ਅਤੇ ਉਪ-ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ । ਬਾਈਬਲ ਦੀਆਂ ਪੁਰਾਤਨ ਕਾਪੀਆਂ ਲੱਭੀਆਂ ਗਈਆਂ ਹਨ, ਅਤੇ ਸ਼ਬਦਾਂ ਵਿੱਚ ਕੋਈ ਬਦਲਾਅ ਨਹੀਂ ਆਇਆ ਹੈ ।

ਰੱਬ ਕਰਕੇ ਬਾਈਬਲ ਲਿਖੀ ਗਈ ਕਿਉਂ ਕਿ ਉਹ ਜਾਣਿਆ ਜਾਣਾ ਚਾਹੁੰਦਾ ਸੀ । ਉਸ ਨੂੰ ਉਹਨਾਂ ਵਿੱਚ ਦਿਲਚਸਪੀ ਨਹੀਂ ਸੀ ਜੋ ਤਾਕਤ, ਮਨੁੱਖੀ ਸਿਆਣਪ ਅਤੇ ਧੰਨ ਚਾਹੁੰਦੇ ਸਨ, ਪਰ ਉਸ ਵਿੱਚ ਸੀ ਜੋ:

' ਮੈਨੂੰ ਸਮਝ ਅਤੇ ਜਾਣ ਸਕਣ, ਕਿ ਮੈਂ ਉਹ ਰੱਬ ਹਾਂ ਜੋ ਧਰਤੀ ਉੱਤੇ ਪਿਆਰ,ਨਿਆਂ, ਅਤੇ ਧਰਮ ਨੂੰ ਸਥਿਰ ਕਰਦਾ ਹੈ।'( ਯਿਰਮਿਯਾਹ 9:24)

ਰੱਬ ਚਾਹੁੰਦਾ ਹੈ ਕਿ ਲੋਕ ਆਪਣੀਆਂ ਰਾਹਾਂ ਨੂੰ ਛੱਡ ਦੇਣ, ਅਤੇ ਉਸ ਵੱਲ ਮੁੜ ਜਾਣ। ਰੱਬ ਉਹਨਾਂ ਲੋਕਾਂ ਦੀ ਤਲਾਸ਼ ਕਰ ਰਿਹਾ ਹੈ ਜੋ ਉਸ ਤੇ ਵਿਸ਼ਵਾਸ ਕਰਨਗੇ, ਅਤੇ ਉਸ ਵਿੱਚ ਆਪਣਾ ਭਰੋਸੇ ਅਤੇ ਯਕੀਨ ਰੱਖਣਗੇ। ਰੱਬ ਨੇ ਆਪਣੇ ਸ਼ਬਦ ਇਹ ਦਿਖਾਉਣ ਲਈ ਲਿਖੇ ਕਿ ਉਸ ਕੋਲ ਮਨੁੱਖ ਜਾਤੀ ਲਈ ਇੱਕ ਯੋਜਨਾ ਹੈ, ਅਤੇ ਚਾਹੁੰਦਾ ਹੈ ਕਿ ਜਿੰਨੇ ਸੰਭਵ ਹੋਣ ਓਨੇ ਵੱਧ ਤੋਂ ਵੱਧ ਉਸ ਵੱਲ ਮੁੜ ਆਉਣ ਅਤੇ ਬਚ ਜਾਣ, ਅਤੇ ਧਰਤੀ ਤੇ ਉਸ ਦੇ ਰਾਜ ਵਿੱਚ ਸਦਾ ਲਈ ਜਿਉਂਦੇ ਰਹਿਣ।

## ਮੈਨੂੰ ਆਪਣੇ ਆਪ ਨੂੰ ਬਚਾਉਣ ਲਈ ਕੀ ਕਰਨਾ ਚਾਹੀਦਾ ਹੈ?

ਯਿਸੂ ਦੇ ਚੇਲਿਆਂ ਨੇ ਉਸਦੇ ਸਵਰਗ ਜਾਣ ਦੇ ਬਾਅਦ ਯੁਰੂਸ਼ਲਮ ਵਿੱਚ ਯਹੂਦੀਆਂ ਵਿੱਚ ਉਸ ਦੀ ਸੋਚ ਦਾ ਪ੍ਰਚਾਰ ਕੀਤਾ । ਬਹੁਤ ਸਾਰੇ ਯਹੂਦੀਆਂ ਨੂੰ ਅਹਿਸਾਸ ਹੋਇਆ ਕਿ ਉਹਨਾਂ ਨੇ ਰੱਬ ਦੇ ਪੁੱਤਰ ਦੀ ਮੌਤ ਵਿੱਚ ਯੋਗਦਾਨ ਪਾਇਆ ਸੀ, ਅਤੇ ਇਹ ਗੱਲ ਉਹਨਾਂ ਦੇ ਜ਼ਮੀਰ ਨੂੰ ਚੁੱਭ ਗਈ। ਉਹਨਾਂ ਨੇ ਚੇਲੇ ਨੂੰ ਪੁੱਛਿਆ, "ਸਾਨੂੰ ਕੀ ਕਰਨਾ ਚਾਹੀਦਾ ਹੈ?" (ਐਕਟ 2: 37-38) ਜਵਾਬ ਸਾਫ ਅਤੇ ਸਧਾਰਨ ਸੀ । 'ਤੁਹਾਨੂੰ ਹਰ ਇੱਕ ਨੂੰ ਯਿਸੂ ਮਸੀਹ ਦੇ ਨਾਮ ਤੇ ਆਪਣੇ ਪਾਪਾਂ ਦੀ ਮਾਫ਼ੀ ਲਈ "ਤੋਬਾ ਕਰਨੀ ਚਾਹੀਦੀ ਹੈ ਅਤੇ ਬਪਤਿਸਮਾ ਹੋਣਾ ਚਾਹੀਦਾ ਹੈ"। ਹੋਰ ਸਥਿਤੀ

ਵਿੱਚ, ਇਹ ਪੁੱਛਿਆ ਗਿਆ, "ਮੈਨੂੰ ਬਪਤਿਸਮਾ ਹੋਣ ਤੋਂ ਰੋਕਣ ਲਈ ਕੀ ਕਰਨਾ ਚਾਹੀਦਾ ਹੈਂ?( ਐਕਟ 8: 36-38) ਇਸ ਵਾਰ ਇਸ ਦਾ ਜਵਾਬ ਸੀ, "ਜੇਕਰ ਤੁਸੀਂ ਆਪਣੇ ਦਿਲੋਂ ਵਿਸ਼ਵਾਸ ਕਰਦੇ ਹੈ , ਤੁਸੀਂ ਕਰ ਸਕਦੇ ਹੋ"।

ਇਹੀ ਅੱਜ ਵੀ ਲਾਗੂ ਹੁੰਦਾ ਹੈ ।ਸੱਚੇ ਅਤੇ ਜਿਉਂਦੇ ਰੱਬ ਨੂੰ ਸਮਝਣ ਅਤੇ ਜਾਣਨ ਲਈ ਬਾਈਬਲ ਪੜ੍ਹਨਾ ਜਰੂਰੀ ਹੈ । ਸ਼ੁਰੂਆਤ ਤੇ ਐਡਮ ਅਤੇ ਈਵ ਦੀ ਤਰ੍ਹਾਂ, ਉਸ ਨੇ ਸਾਨੂੰ ਖੁੱਲੇ ਵਿਕਲਪ ਦਿੱਤੇ ਹਨ । ਅਸੀਂ ਉਸਦੇ ਸੰਦੇਸ਼ਾਂ ਨੂੰ ਸਮਝ ਅਤੇ ਸਵੀਕਾਰ ਕਰ, ਬਪਤਿਸਮਾ ਹੋ ਸਕਦੇ ਹਾਂ, ਅਤੇ ਉਸ ਨੂੰ ਸਮਰਪਿਤ ਹੋਰ ਵਿਸ਼ਵਾਸੀਆਂ ਨਾਲ ਜੁੜ ਸਕਦੇ ਹਾਂ।

ਆਪਣੇ ਲਈ ਬਾਈਬਲ ਪੜ੍ਹੋ । ਇੱਕ ਮੁਫ਼ਤ ਬਾਈਬਲ ਰੀਡਿੰਗ ਨਿਯੋਜਕ ਲਈ ਕਵਰ ਉੱਤੇ ਦਿੱਤੇ ਪਤੇ 'ਤੇ ਲਿਖੋ। ਇਸ ਨੂੰ ਪੜ੍ਹਨ ਲਈ ਰੋਜ਼ ਸਮਾਂ ਕੱਢੋ, ਅਤੇ ਇਹ ਖੋਜੋ, ਕਿ ਇਸ ਨੇ ਬਿਹਤਰੀ ਲਈ ਬਹੁਤ ਸਾਰੇ ਜੀਵਨ ਕਿਉਂ ਬਦਲ ਦਿੱਤੇ ਹਨ। ਰੱਬ ਨੇ ਪਿਤਾ ਦੇ ਰੂਪ ਵਿੱਚ ਤੁਹਾਨੂੰ ਆਪਣੇ ਬੱਚਿਆਂ ਵਿੱਚੋਂ ਇੱਕ ਵਜੋਂ ਬੁਲਾਇਆ ਹੈ। ਕੀ ਤੁਸੀਂ ਜਵਾਬ ਦੇਵੋਗੇ ?

**ਮਾਇਕ ਬੁੱਲ**

---

**ਸਵਾਲ**

1. ਬਾਈਬਲ ਕਿਸ ਨੇ ਲਿਖੀ?
2. ਅਸੀਂ ਬਾਈਬਲ ਦਾ ਯਕੀਨ ਕਿਉਂ ਕਰੀਏ, ਇਸ ਦੇ ਦੋ ਕਾਰਨ ਦੱਸੋ।
3. ਬਾਈਬਲ ਦੀ ਪਹਿਲੀ ਕਿਤਾਬ ਦਾ ਨਾਮ ਕੀ ਹੈ?
4. ਕਿਹੜਾ ਦੇਸ਼ ਯਕੂਬ ਦਾ ਵਾਰਸ ਸੀ?
5. 'ਭਜਨ' ਕੀ ਹਨ?
6. 'ਪੈਗੰਬਰ' ਕੀ ਹੈ?
7. ਯਿਸੂ ਦੇ ਜਨਮ ਬਾਰੇ ਕਿਹੜੀ ਕਿਤਾਬ ਦੱਸਦੀ ਹੈ?
8. ਯਿਸੂ ਨੇ ਉਹ ਕੀ ਕੰਮ ਕੀਤਾ ਸੀ, ਜੋ ਕਿ ਖਾਸ ਸੀ?
9. ਰੱਬ ਨੇ ਸਾਨੂੰ ਬਾਈਬਲ ਕਿਉਂ ਦਿੱਤੀ?
10. ਇਸ ਨੂੰ ਸੁਰੱਖਿਅਤ ਰੱਖਣ ਲਈ, ਸਾਨੂੰ ਕੀ ਕਰਨਾ ਚਾਹੀਦਾ ਹੈ?

---

ਨਿਊ ਕਿੰਗ ਜੇਮਜ਼ ਦੇ ਪ੍ਰਤੀਰੂਪ ਬਾਈਬਲ ਦੇ ਹਵਾਲੇ ਤੋਂ, ਕਾਪੀਰਾਈਟ ਥਾਮਸ ਨੈਲਸਨ, ਇੰਕ

ਆਈਐਸਬੀਐੱਨ L 81-87409-52-5

**ਪ੍ਰਿੰਟਲੈਂਡ ਪ੍ਰਕਾਸ਼ਕ**

**ਜੀ.ਪੀ.ਓ. ਬਾਕਸ 159,**

**ਹੈਦਰਾਬਾਦ 500 001, ਭਾਰਤ**

ਵੱਲੋਂ ਪ੍ਰਕਾਸ਼ਿਤ ਅਤੇ ਛਾਪੀ ਗਈ